ਸ਼੍ਰੋਮਣੀ ਅਕਾਲੀ ਦਲ

ਸ਼੍ਰੋਮਣੀ ਅਕਾਲੀ ਦਲ

ਐਲਾਨਨਾਮਾ

ਲੋਕ ਸਭਾ ਚੋਣਾਂ 2024

ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ
ਦਸੰਬਰ 1920

ਸ਼੍ਰੋਮਣੀ ਅਕਾਲੀ ਦਲ

2024

ਤਤਕਰਾ

1. ਭੂਮਿਕਾ .....
2. ਮੌਜੂਦਾ ਹਾਲਾਤ/ਸੰਕਟ .....
   2.1 ਆਰਥਿਕ .....
   2.2 ਕਿਸਾਨ ਤੇ ਮਜ਼ਦੂਰ .....
   2.3 ਬੇਰੁਜ਼ਗਾਰੀ ਦੇ ਦੈਂਤਾਂ ਨੂੰ ਨੱਥ ਪਾਉਣਾ .....
   2.4 ਮਹਿੰਗਾਈ .....
   2.5 ਸਾਂਝੀ ਲੜਾਈ - ਸਾਂਝੀ ਪਹੁੰਚ .....
   2.6 ਪੰਜਾਬ ਵਿਚ ਅੱਜ ਵੀ ਗੈਰ ਪੰਜਾਬੀਆਂ ਦਾ ਹੀ ਰਾਜ .....
   2.7 ਸ਼੍ਰੋਮਣੀ ਅਕਾਲੀ ਦਲ ਬਹਾਨਾ ਹੈ, ਖਾਲਸਾ ਪੰਥ ਨਿਸ਼ਾਨਾ ਹੈ .....
3. ਚੇਤਾਵਨੀ .....
   3.1 ਇਹ ਹੈ ਸਵਾਲਾਂ ਦਾ ਸਵਾਲ .....
4. ਏਜੰਡਾ ਤੇ ਵਿਧੀ .....
   4.1 ਪੰਜਾਬ ਦੇ ਗੰਭੀਰ ਮੁੱਦੇ .....
   4.2 ਵਿਸ਼ੇਸ਼ .....
   4.3 ਅੰਤਰ-ਰਾਸ਼ਟਰੀ ਵਪਾਰ .....
   4.4 ਪੰਜਾਬ ਲਈ ਆਰਥਿਕ ਵਿਸ਼ੇਸ਼ ਦਰਜਾ .....
   4.5 ਅਨੁਸੂਚਿਤ ਤੇ ਪਿਛੜੇ ਸ਼੍ਰੇਣੀਆਂ ਦੇ ਉੱਜਲ ਭਵਿੱਖ ਲਈ .....
   4.6 ਘੱਟ ਗਿਣਤੀਆਂ ਸਬੰਧੀ .....
   4.7 ਅਨੁਸੂਚਿਤ ਜਾਤੀਆਂ/ ਵਰਗਾਂ ਦੀ ਅਨੁਪਾਤ .....
   4.8 ੳ.ਬੀ.ਸੀ ਲਈ .....

ਤਤਕਰਾ

5. ਕਿਸਾਨਾਂ ਲਈ ਇਨਸਾਫ.....

6. ਵਪਾਰੀ.....

6.1 ਵਪਾਰ ਤੇ ਉਦਯੋਗ.....

6.2 ਲੈਂਡ ਲੌਕਡ ਸੂਬੇ ਲਈ ਦੁਨੀਆਂ ਭਰ ਨਾਲ ਹਵਾਈ ਸੰਪਰਕ.....

7. ਔਰਤ ਵਰਗ ਲਈ.....

8. ਨੌਜਵਾਨਾਂ ਲਈ.....

9. ਮਨਰੇਗਾ, ਆਂਗਨਵਾੜੀ, ਆਸ਼ਾ ਵਰਕਰਜ਼, ਮਿਡ-ਡੇ ਮੀਲ ਵਰਕਰਜ਼ ਲਈ.....

10. ਡਿਫੈਂਸ ਪਰਸੋਨਲ ਤੇ ਐਕਸ ਸਰਵਿਸਮੈਂਨ ਲਈ.....

11. ਕਰਮਚਾਰੀਆਂ ਲਈ.....

11.1 ਪੁਰਾਣੀ ਪੈਨਸ਼ਨ ਸਕੀਮ.....

11.2 ਨਿੱਜੀ ਆਮਦਨੀ ਟੈਕਸ ਦੀ ਸੀਮਾ ਵਧਾਉਣਾ.....

11.3 ਪੇ-ਕਮਿਸ਼ਨ ਰਿਪੋਰਟ

12. ਐੱਨ.ਆਰ.ਆਈਜ਼ ਲਈ.....

13. ਵਕੀਲਾਂ ਲਈ.....

14. ਵਚਨਬੱਧਤਾ.....

14.1 ਪਾਰਲੀਮੈਂਟੇਰੀਅਨ ਮੈਨੀਫੈਸਟੋ ਨਿਗਰਾਨ ਚੈਂਬਰ.....

14.2 ਲੋਕ ਸਭਾ-ਪੰਜਾਬ ਸੰਪਰਕ ਕੁਨੈਕਟ.....

15. ਮੀਡੀਆ ਨੂੰ ਕਾਰਪੋਰੇਟ ਗੁਲਾਮੀ ਤੋਂ ਆਜ਼ਾਦੀ ਲਈ.....

16. ਅੰਤਿਕਾ.....

17. ਅਪੀਲ.....

ਭੂਮਿਕਾ

ਪੰਜਾਬ ਦੇ ਹੱਕਾਂ ਤੇ ਇਨਸਾਫ਼ ਲਈ ਐਲਾਨਨਾਮਾ

ਪਿਛਲੀ ਇੱਕ ਸਦੀ ਤੋਂ ਪੰਜਾਬ ਦੀ ਬੁਲੰਦ ਆਵਾਜ਼ ਬਣ ਕੇ ਜੂਝਦੀ ਆ ਰਹੀ ਸੂਬੇ ਦੀ ਇੱਕੋ ਇੱਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਖਾਲਸਾ ਪੰਥ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਸਮਰਪਿਤ ਵਾਹਿਦ ਨੁਮਾਇੰਦਾ ਜਥੇਬੰਦੀ ਹੈ । ਪਾਰਟੀ ਮਹਾਨ ਗੁਰੂ ਸਾਹਿਬਾਨ, ਰਿਸ਼ੀਆਂ, ਮੁਨੀਆਂ ਅਤੇ ਪੀਰਾਂ ਪੈਗੰਬਰਾਂ ਵਲੋਂ ਉਲੀਕੇ ਪਾਵਨ ਅਸੂਲਾਂ ਤੇ ਆਦਰਸ਼ਾਂ ਨੂੰ ਪ੍ਰਣਾਈ ਹੋਈ ਹੈ । ਜਥੇਬੰਦੀ ਨੇ ਹਮੇਸ਼ਾਂ ਹੀ ਸਰਬੱਤ ਦੇ ਭਲੇ ਅਤੇ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਦੇ ਆਦਰਸ਼ ਉਤੇ ਪਹਿਰਾ ਦਿੱਤਾ ਹੈ ਤੇ ਸਮੂਹ ਘੱਟ ਗਿਣਤੀਆਂ ਦੇ ਸੰਵਿਧਾਨਿਕ ਹੱਕਾਂ ਅਤੇ ਹਿੱਤਾਂ ਦੀ ਨੁਮਾਇੰਦਗੀ ਕੀਤੀ ਹੈ । ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾਂ ਸਿਧਾਂਤਾਂ ਤੇ ਆਦਰਸ਼ਾਂ ਨੂੰ ਰਾਜਨੀਤੀ ਤੋਂ ਉਪਰ ਮੰਨ ਕੇ "ਪਹਿਲਾਂ ਪੰਥ ਤੇ ਪੰਜਾਬ, ਫਿਰ ਸਿਆਸਤ" ਆਪਣਾ ਮੁੱਖ ਟੀਚਾ ਰੱਖਿਆ ਹੈ ।

ਗੈਰ-ਪੰਜਾਬੀ ਪਾਰਟੀਆਂ ਦਿੱਲੀ ਬੈਠੀਆਂ ਪੰਜਾਬ ਵਿਚ ਧਾੜਵੀਆਂ ਵਾਂਗ ਕੰਮ ਕਰਦੀਆਂ ਹਨ ਤੇ ਪੰਜਾਬ ਦੇ ਹੱਕਾਂ ਉਪਰ ਡਾਕੇ ਮਾਰਦੀਆਂ ਹਨ । ਇਹਨਾਂ ਵਿਚੋਂ ਇਕ ਪਾਰਟੀ ਕਾਂਗਰਸ ਹੈ, ਇਸ ਪਾਰਟੀ ਦੇ ਹੱਥ 1984 ਵਿੱਚ ਹਜ਼ਾਰਾਂ ਬੇਗੁਨਾਹ ਸਿੱਖਾਂ ਦੀ ਨਸਲਕੁਸ਼ੀ ਰਾਹੀਂ ਤੇ ਬਾਅਦ ਵਿਚ ਡੇਢ ਦਹਾਕਾ ਚਲਾਏ ਦਮਨ ਰਾਹੀਂ ਸਿੱਖ ਨੌਜਵਾਨੀ ਦੇ ਕੀਤੇ ਘਾਣ ਰਾਹੀਂ ਵਹਾਏ ਲਹੂ ਨਾਲ ਲੱਥਪੱਥ ਹਨ । ਇਹ ਪਾਰਟੀ ਸਿੱਖ ਕੌਮ ਦੇ ਸਭ ਤੋਂ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਉਤੇ ਟੈਂਕਾਂ ਤੋਪਾਂ ਰਾਹੀਂ ਹਮਲਾ ਕਰਕੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਨ ਦੀ ਪਾਪੀ ਹੈ । ਦੂਜੀ ਕੌਮੀ ਪਾਰਟੀ ਭਾਜਪਾ ਪੰਜਾਬ ਦੀ ਸਮੁੱਚੀ ਕਿਸਾਨੀ ਨੂੰ ਸੜਕਾਂ 'ਤੇ ਰੋਲਣ ਦੀਆਂ ਸਾਜ਼ਿਸ਼ਾਂ ਅਤੇ ਲਗਭਗ 700 ਮਾਸੂਮ ਕਿਸਾਨਾਂ ਦੀ ਸ਼ਹਾਦਤ ਲਈ ਜ਼ਿੰਮੇਵਾਰ ਹੈ । ਤੀਜੀ ਆਮ ਆਦਮੀ ਪਾਰਟੀ ਹੈ, ਜਿਸਦੇ ਦਿੱਲੀ ਵਿੱਚ ਬੈਠੇ ਆਕਾ ਪੰਜਾਬ ਵਿਚਲੀਆਂ ਆਪਣੀਆਂ ਕੱਠਪੁਤਲੀਆਂ ਰਾਹੀਂ ਆਪਣੇ ਹੁਕਮ ਲਾਗੂ ਕਰਵਾ ਰਹੇ ਹਨ । ਇਸ ਦੇ ਉਲਟ, ਸ਼੍ਰੋਮਣੀ ਅਕਾਲੀ ਦਲ ਦਾ ਪੰਥ ਅਤੇ ਪੰਜਾਬ ਦੇ ਹਿੱਤਾਂ ਲਈ ਬੇਸ਼ੁਮਾਰ, ਅਕਹਿ ਅਤੇ ਅਸਹਿ ਕੁਰਬਾਨੀਆਂ ਕਰਨ, ਮੋਰਚੇ ਲਾਉਣ, ਸਰਕਾਰਾਂ ਤੇ ਵਜ਼ੀਰੀਆਂ ਨੂੰ ਠੋਕਰ ਮਾਰਨ ਦਾ ਸ਼ਾਨਾ ਮੱਤਾ ਇਤਿਹਾਸ ਹੈ । ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਜੀਅ-ਜਾਨ ਲਾ ਕੇ ਪੰਜਾਬ ਨੂੰ ਹਮੇਸ਼ਾ ਇਸ ਤਰ੍ਹਾਂ ਸੰਵਾਰਨ ਤੇ ਨਿਖਾਰਨ ਲਈ ਦਿਨ ਰਾਤ ਇੱਕ ਕੀਤੇ ਹਨ ।

ਭੂਮਿਕਾ

ਸ਼੍ਰੋਮਣੀ ਅਕਾਲੀ ਦਲ ਨੇ ਸੂਬੇ ਵਿਚ ਵਿਸ਼ਵ ਪੱਧਰੀ ਸੜਕਾਂ, ਰਾਸ਼ਟਰੀ ਪੱਧਰ ਦੀਆਂ ਵਿੱਦਿਅਕ ਤੇ ਸਿਹਤ ਸੰਸਥਾਵਾਂ, ਸਮੇਤ ਸੁਵਿਧਾ ਕੇਦਰਾਂ ਵਰਗੀਆਂ ਸਹੂਲਤਾਂ ਪ੍ਰਦਾਨ ਕੀਤੀਆਂ । ਨਵੇਂ ਅੰਤਰ-ਰਾਸ਼ਟਰੀ ਤੇ ਘਰੇਲੂ ਹਵਾਈ ਅੱਡੇ ਸ਼ੁਰੂ ਕਰਵਾਏ, ਪੰਜਾਬੀਆਂ ਨੂੰ ਰੋਜ਼ਾਨਾ ਚੌਦਾਂ-ਚੌਦਾਂ ਘੰਟਿਆਂ ਦੇ ਬਿਜਲੀ ਕੱਟਾਂ ਦੇ ਹਨ੍ਹੇਰੇ ਵਿਚੋਂ ਕੱਢ ਕੇ ਬਿਜਲੀ ਪੱਖੋਂ ਪਾਵਰ ਸਰਪੱਲਸ ਸੂਬਾ ਬਣਾਇਆ । ਸਾਰੀਆਂ ਸਰਕਾਰੀ ਸੇਵਾਵਾਂ ਆਨ-ਲਾਈਨ ਕਰ ਵਿਖਾਈਆਂ । ਸਿੱਖ ਕੌਮ ਦੀ ਵਿਰਾਸਤ ਨੂੰ ਆਉਂਦੀਆਂ ਪੀੜ੍ਹੀਆਂ ਲਈ ਸੰਭਾਲਣ ਤੇ ਸਮੂਹ ਧਰਮਾਂ ਪ੍ਰਤੀ ਬਰਾਬਰ ਦਾ ਸਤਿਕਾਰ ਭੇਂਟ ਕਰਨ ਲਈ ਮਰਹੂਮ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਵਿਸ਼ਵ ਪੱਧਰੀ ਵਿਰਾਸਤੀ ਮੀਲ ਪੱਥਰ ਕਾਇਮ ਕੀਤੇ । ਸ਼੍ਰੀ ਅਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖਾਲਸਾ ਯਾਦਗਾਰ ਦੁਨੀਆਂ ਭਰ ਵਿਚ ਕੌਮ ਲਈ ਧਾਰਮਿਕ ਉਤਸ਼ਾਹ ਤੇ ਫਖ਼ਰ ਦਾ ਕੇਂਦਰ ਬਣਿਆ । ਇਸੇ ਤਰਾਂ ਗੁਰੂ ਸਾਹਿਬਾਨ ਦੀ ਮਿਹਰ ਸਦਕਾ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਦੇ ਚੌਗਿਰਦੇ ਨੂੰ ਇਸ ਪਾਵਨ ਅਸਥਾਨ ਦੀ ਲਾ-ਮਿਸਾਲ ਰੂਹਾਨੀ ਖੂਬਸੂਰਤੀ ਦੇ ਮੁਤਾਬਿਕ ਰਿਵਾਇਤੀ ਤੇ ਸਵੱਛ ਬਨਾਉਣ ਦੀ ਸੇਵਾ ਅਕਾਲ ਪੁਰਖ ਨੇ ਆਪ ਸਰਦਾਰ ਪਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਹੁਰਾਂ ਤੋਂ ਆਪ ਕਰਵਾਈ । ਸਾਡੀ ਨੌਜਵਾਨ ਪੀੜ੍ਹੀ ਨੂੰ ਇਤਿਹਾਸ ਤੋਂ ਜਾਣੂ ਕਰਵਾਉਣ ਅਤੇ ਆਉਂਦੀਆਂ ਨਸਲਾਂ ਲਈ ਸੰਭਾਲਣ ਵਾਸਤੇ ਛੋਟਾ ਤੇ ਵੱਡਾ ਘੱਲੂਘਾਰਾ ਦੀਆਂ ਯਾਦਗਾਰਾਂ, ਫਤਹਿ ਬੁਰਜ ਚੱਪੜ ਚਿੜੀ, ਜੰਗ-ਏ-ਆਜਾਦੀ ਯਾਦਗਾਰ ਦੀ ਸੇਵਾ ਵੀ ਅਕਾਲ ਪੁਰਖ ਨੇ ਬਾਦਲ ਸਾਬ੍ਹ ਤੋਂ ਹੀ ਆਪ ਕਰਵਾਈ ।

ਮਹਾਨ ਗੁਰੂ ਸਾਹਿਬਾਨ ਵੱਲੋਂ ਦਰਸਾਏ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" ਦੇ ਆਦਰਸ਼ ਉਤੇ ਚਲਦਿਆਂ ਸਰਦਾਰ ਬਾਦਲ ਨੇ ਸਮੂਹ ਧਰਮਾਂ ਦੀਆਂ ਵਿਰਾਸਤੀ ਯਾਦਗਾਰਾਂ ਬਨਾਉਣ ਜਾਂ ਉਹਨਾਂ ਦੇ ਸੁੰਦਰੀਕਰਨ ਦੇ ਕਾਰਜ ਦੀ ਸੇਵਾ ਵੀ ਵਾਹਿਗੁਰੂ ਨੇ ਆਪ ਬਾਦਲ ਸਾਬ੍ਹ ਤੋਂ ਹੀ ਲਈ । ਦੁਰਗਿਆਣਾ ਮੰਦਰ ਦਾ ਸੁੰਦਰੀਕਰਨ ਅਤੇ ਭਗਵਾਨ ਬਾਲਮੀਕੀ ਜੀ ਦੇ ਤਪ ਅਸਥਾਨ, ਰਾਮ ਤੀਰਥ ਦੇ ਅਸਥਾਨ ਨੂੰ ਵਿਸ਼ਵ ਪੱਧਰ 'ਤੇ ਉਸਾਰਨ ਦੀ ਸੇਵਾ ਦਾ ਸੁਭਾਗ ਵੀ ਸਰਦਾਰ ਬਾਦਲ ਦੇ ਹਿੱਸੇ ਹੀ ਆਇਆ । ਇਸੇ ਤਰਾਂ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਵਿਸ਼ਵ ਪੱਧਰੀ ਯਾਦਗਾਰ ਨੂੰ ਉਸਾਰਨ ਦਾ ਕਾਰਜ ਖੁਰਾਲਗੜ੍ਹ ਵਿਖੇ ਆਰੰਭ ਕੀਤਾ ਗਿਆ ਜੋ ਕਿ ਅਕਾਲੀ ਸਰਕਾਰ ਦੇ ਜਾਣ ਕਾਰਨ ਪੂਰਾ ਨਾ ਹੋ ਸਕਿਆ ਤੇ ਅਕਾਲੀ ਸਰਕਾਰ ਦੇ ਜਾਣ ਤੋਂ ਸੱਤ ਸਾਲ ਬਾਅਦ ਵੀ ਕਾਂਗਰਸੀ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਣਗੋਲਿਆ ਕੀਤਾ ਹੋਇਆ ਹੈ ।

ਦਿੱਲੀ ਵਾਲੇ ਭਜਾਓ | ਪੰਜਾਬ ਬਚਾਓ

ਮੌਜੂਦਾ ਹਾਲਾਤ ਤੇ ਸੰਕਟ

ਪੰਜਾਬ

ਆਰਥਿਕ:

ਆਰਥਿਕ ਸਮਾਜਿਕ ਪੱਖੋਂ, ਸ਼੍ਰੋਮਣੀ ਅਕਾਲੀ ਦਲ ਕਿਸਾਨਾਂ, ਮਜ਼ਦੂਰਾਂ, ਸਮੁੱਚਾ ਦਲਿਤ ਵਰਗ (ਅਨੂਸੂਚਿਤ ਤੇ ਪੱਛੜੀਆਂ ਸ਼੍ਰੇਣੀਆਂ) ਨੌਜਵਾਨਾਂ, ਖਾਸ ਕਰ ਉਹਨਾਂ ਦੇ ਰੁਜ਼ਗਾਰ, ਔਰਤ ਵਰਗ ਤੇ ਬਾਰਡਰ 'ਤੇ ਜੂਝਦੇ ਜਵਾਨਾਂ, ਵਪਾਰੀਆਂ, ਮੁਲਾਜ਼ਮ ਵਰਗ, ਐਕਸ ਸਰਵਿਸਮੈਨ ਵਰਗ ਤੇ ਕਾਰੋਬਾਰੀਆਂ ਨੂੰ ਵਿਸ਼ੇਸ਼ ਤਰਜੀਹਾਂ ਦੇ ਤੌਰ 'ਤੇ ਲੈਂਦਾ ਹੈ ।

ਕਿਸਾਨ ਤੇ ਮਜ਼ਦੂਰ:

ਪੰਜਾਬ ਵਿਚ ਕਿਸਾਨਾਂ ਦੀ ਲਗਾਤਾਰ ਹੋ ਰਹੀ ਦੁਰਦਸ਼ਾ ਤੇ ਆਰਥਿਕ ਵਿਤਕਰੇ ਤੇ ਲੁੱਟ-ਖਸੁੱਟ ਨੂੰ ਨੱਥ ਪਾਉਣ ਲਈ ਅਗਲੀ ਕਤਾਰ ਵਿਚ ਖਲੋ ਕੇ ਲੜਾਈ ਲੜੇਗਾ । ਪੰਜਾਬ ਵਿਚ ਆਰਥਿਕ ਕਾਰਨਾਂ ਕਰਕੇ ਹੋ ਰਹੀਆਂ ਦਰਦਨਾਕ ਖੁਦਕੁਸ਼ੀਆਂ ਨੂੰ ਨੱਥ ਪਾਉਣ ਲਈ ਨੀਤੀਆਂ ਤਿਆਰ ਕਰਨ ਤੇ ਲਾਗੂ ਕਰਵਾਉਣ ਨੂੰ ਪਹਿਲ ਦੇਵੇਗਾ ਤੇ ਪਹਿਲੋਂ ਹੀ ਵਾਪਰ ਚੁੱਕੇ ਦੁਖਾਂਤ ਦੇ ਸ਼ਿਕਾਰ ਕਿਸਾਨ ਪਰਿਵਾਰਾਂ ਦੀ ਬਾਂਹ ਫੜੇਗਾ ਤੇ ਉਹਨਾਂ ਦੇ ਆਰਥਿਕ ਮੁੜ-ਵਸੇਬੇ ਲਈ ਵਿਆਪਕ ਨੀਤੀ ਬਨਾਉਣ ਤੇ ਲਾਗੂ ਕਰਵਾਉਣ ਨੂੰ ਪਹਿਲ ਦੇਵੇਗਾ ।

ਕਿਸਾਨਾਂ ਦੇ ਨਾਲ ਮਜ਼ਦੂਰਾਂ ਦੀ ਭਲਾਈ ਵੀ ਸ਼੍ਰੋਮਣੀ ਅਕਾਲੀ ਦਲ ਦੀ ਵੱਡੀ ਤਰਜੀਹ ਹੈ । ਸੰਕਟ ਵਿਚ ਘਿਰੇ ਮਜ਼ਦੂਰਾਂ ਦੀ ਭਲਾਈ ਲਈ ਕੇਂਦਰ ਤੋਂ ਵੀ ਮੱਦਦ ਲੈ ਕੇ ਦੇਣ ਦੀ ਕੋਸਿਸ਼ ਕੀਤੀ ਜਾਵੇਗੀ । ਇਸ ਬਾਰੇ ਇਕ ਅਲੱਗ ਦਸਤਾਵੇਜ਼ ਤਿਆਰ ਕੀਤਾ ਜਾਵੇਗਾ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਮੌਜ਼ੂਦਾ ਹਾਲਾਤ ਤੇ ਸੰਕਟ

ਸ਼੍ਰੋਮਣੀ ਅਕਾਲੀ ਦਲ ਇਸ ਸਮੱਸਿਆ ਦੀ ਗੰਭੀਰਤਾ ਨੂੰ ਦੇਸ਼ ਤੇ ਦੁਨੀਆਂ ਅੰਦਰ ਆਰਥਿਕ ਨੀਤੀਆਂ ਦੀ ਵਿਗੜੀ ਹੋਈ ਸੇਧ ਨਾਲ ਜੋੜ ਕੇ ਵੇਖਦਾ ਹੈ ਤੇ ਦੇਸ਼ ਪੱਧਰ ਤੇ ਇਹਨਾਂ ਨੀਤੀਆਂ ਦੇ ਮੁੜ ਆਂਕਲਣ ਉਤੇ ਜ਼ੋਰ ਦੇਵੇਗਾ ।

ਬੇਰੁਜ਼ਗਾਰੀ ਦੇ ਦੈਂਤਾਂ ਨੂੰ ਨੱਥ ਪਾਉਣਾ:

ਇਸੇ ਤਰਾਂ, ਪੰਜਾਬ ਵਿਚ ਪਿਛਲੇ ਸੱਤ ਸਾਲ ਤੋਂ ਪੰਜਾਬ ਦੇ ਨੌਜਵਾਨਾਂ ਲਈ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਕੋਈ ਵੀ ਵਿਉਂਤਬੰਦੀ ਨਹੀਂ ਕੀਤੀ ਗਈ, ਉਲਟਾ, ਸ਼੍ਰੋਮਣੀ ਅਕਾਲੀ ਦਲ ਵੱਲੋਂ ਅਪਣਾਈਆਂ ਨੀਤੀਆਂ ਨੂੰ ਬੰਦ ਕਰਕੇ ਸਰਕਾਰੀ ਨੌਕਰੀਆਂ ਦਾ ਦਰਵਾਜ਼ਾ ਹੀ ਬੰਦ ਕਰ ਦਿੱਤਾ ਗਿਆ ਹੈ । ਦੂਜੇ ਪਾਸੇ, ਪੂਰੇ ਦੇਸ਼ ਵਿੱਚ ਵੀ ਬੇਰੁਜ਼ਗਾਰੀ ਸਭ ਤੋਂ ਭਿਆਨਕ ਸਮੱਸਿਆ ਬਣ ਚੁੱਕੀ ਹੈ । ਪੰਜਾਬ ਵਿਚ ਰੁਜ਼ਗਾਰ ਦੇ ਸਾਧਨ ਵਧਾਉਣ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਪੱਖੋਂ ਕਾਬਲ ਬਨਾਉਣ ਲਈ ਸਰਦਾਰ ਪਰਕਾਸ਼ ਸਿੰਘ ਬਾਦਲ ਵੱਲੋਂ ਵੱਡੇ ਪੈਮਾਨੇ ਤੇ ਸ਼ੁਰੂ ਕੀਤੀਆਂ ਸਕਿੱਲ ਟਰੇਨਿੰਗ ਦੀਆਂ ਨੀਤੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਕਿੜ ਕੱਢਣ ਕਾਰਣ ਕਾਂਗਰਸੀ ਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਵੱਲੋਂ ਬੰਦ ਕਰ ਦਿੱਤਾ ਗਿਆ ਹੈ। ਪੰਜਾਬੀਆਂ ਦਾ ਵਿਸ਼ਵਾਸ ਮਿਲਣ ਤੇ ਇਹਨਾਂ ਨੀਤੀਆਂ ਨੂੰ ਮੁੜ ਚਾਲੂ ਕਰਕੇ ਨਵੇਂ 'ਤੇ ਹੋਰ ਵਿਆਪਕ ਪੱਧਰ ਤੇ ਚਲਾਇਆ ਜਾਵੇਗਾ । ਕਿਸਾਨ ਆਰਥਿਕਤਾ ਦੇ ਨਾਲ ਪੰਜਾਬ ਦੇ ਮੁੰਡੇ ਕੁੜੀਆਂ ਲਈ ਵਿੱਦਿਆ, ਕਿੱਤਾ ਸਿਖਲਾਈ ਅਤੇ ਰੁਜ਼ਗਾਰ ਨੂੰ ਸਭ ਤੋਂ ਵੱਡੀ ਆਰਥਿਕ ਤਰਜੀਹ ਬਣਾਇਆ ਜਾਵੇਗਾ ।



ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਮੌਜੂਦਾ ਹਾਲਾਤ ਤੇ ਸੰਕਟ



ਇਸ ਪੱਖੋਂ ਕੇਂਦਰ ਸਰਕਾਰ ਦੀਆਂ ਨੀਤੀਆਂ ਵਿੱਚ ਵੀ ਸਾਰਥਿਕ ਤਬਦੀਲੀਆਂ ਲਿਆਉਣ ਲਈ ਹੰਭਲੇ ਮਾਰੇ ਜਾਣਗੇ । ਹਾਲਾਂ ਕਿ ਖੇਤੀਬਾੜੀ, ਸਿਹਤ ਅਤੇ ਸਿੱਖਿਆ ਰਾਜ ਸਰਕਾਰ ਦਾ ਵਿਸ਼ਾ ਹਨ, ਪਰ ਇਸ ਪੱਖੋਂ ਵੀ ਕੇਂਦਰ ਸਰਕਾਰ ਵੱਲੋਂ ਪੰਜਾਬ ਲਈ ਤਰਜੀਹੀ ਪੱਧਰ ਤੇ ਇਮਦਾਦ ਦੇਣ ਉਤੇ ਜ਼ੋਰ ਦਿੱਤਾ ਜਾਵੇਗਾ ।

ਮਹਿੰਗਾਈ:

ਬੇਰੁਜ਼ਗਾਰੀ ਦੇ ਨਾਲ ਨਾਲ ਦੇਸ਼ ਵਿਚ ਮਹਿੰਗਾਈ ਨੇ ਛੋਟੇ ਕਿਸਾਨਾਂ, ਗਰੀਬ ਤੇ ਮੱਧ ਵਰਗ ਦੇ ਲੋਕਾਂ, ਕਰਮਚਾਰੀਆਂ, ਛੋਟੇ ਤੇ ਦਰਮਿਆਨੇ ਵਪਾਰੀਆਂ ਤੇ ਦੁਕਾਨਦਾਰਾਂ ਤੇ ਸ਼ੁਰੂਆਤ ਵਾਲੇ ਨੌਜਵਾਨਾਂ ਦੀ ਕਮਰ ਤੋੜ ਕੇ ਰੱਖ ਦਿੱਤੀ ਹੈ । ਦੇਸ਼ ਵਿਚ ਗਰੀਬਾਂ ਦੀ ਗਰੀਬੀ ਦੂਰ ਹੋਣ ਦੀ ਬਜਾਏ ਮਹਿੰਗਾਈ ਉਹਨਾਂ ਨੂੰ ਹੋਰ ਧਰਾਤਲ ਵਿੱਚ ਧਸਦੀ ਜਾ ਰਹੀ ਹੈ ।

ਗਰੀਬੀ ਤੇ ਮਹਿੰਗਾਈ ਦੇ ਇਸ ਖਤਰਨਾਕ ਪੱਧਰ ਤੱਕ ਪਹੁੰਚਣ ਦਾ ਮੁੱਖ ਕਾਰਨ ਦੇਸ਼ ਦੇ ਸਾਰੇ ਸਾਧਨਾਂ ਨੂੰ ਇੱਕ ਮੁੱਠੀ ਭਰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਦੇਣਾ ਹੈ । ਸ਼੍ਰੋਮਣੀ ਅਕਾਲੀ ਦਲ ਦੇਸ਼ ਦੀਆਂ ਆਰਥਿਕ ਨੀਤੀਆਂ ਨੂੰ ਅਜਿਹੀ ਸਾਰਥਿਕ ਸੇਧ ਦੇ ਕੇ ਮਹਿੰਗਾਈ ਤੇ ਬੇਰੁਜ਼ਗਾਰੀ ਨੂੰ ਨੱਥ ਪਾਉਣ ਦੀ ਪਹਿਲ ਕਦਮੀ ਕਰੇਗਾ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਮੌਜ਼ੂਦਾ ਹਾਲਾਤ ਤੇ ਸੰਕਟ

ਸਾਂਝੀ ਲੜਾਈ - ਸਾਂਝੀ ਪਹੁੰਚ:

ਸ਼੍ਰੋਮਣੀ ਅਕਾਲੀ ਦਲ ਦੀ ਸੋਚ ਹੈ ਕਿ ਸਭ ਦੀ ਸਿਆਸਤ ਆਪਣੀ-ਆਪਣੀ ਹੋ ਸਕਦੀ ਹੈ ਪਰ ਪੰਜਾਬ ਸਭ ਦਾ ਸਾਂਝਾ ਹੈ । ਪੰਜਾਬੀਆਂ ਦੇ ਭਲੇ ਲਈ, ਸ਼੍ਰੋਮਣੀ ਅਕਾਲੀ ਦਲ ਸਭ ਨੂੰ ਸਹਿਯੋਗ ਦੇਣ ਤੇ ਸਭ ਤੋਂ ਸਹਿਯੋਗ ਲੈਣ ਵਿਚ ਵਿਸ਼ਵਾਸ ਰੱਖ ਕੇ ਕੰਮ ਕਰਦਾ ਰਹੇਗਾ ।

ਪੰਜਾਬ ਵਿਚ ਅੱਜ ਵੀ ਗੈਰ ਪੰਜਾਬੀਆਂ ਦਾ ਹੀ ਰਾਜ:

ਕੌਮ ਨੂੰ ਕੌਮ ਦੀ ਜਥੇਬੰਦੀ ਤੋਂ ਤੋੜਣ ਤੇ ਪੰਜਾਬ ਨੂੰ ਸਦਾ ਲਈ ਆਗੂਹੀਣ ਰੱਖਣ ਦੀ ਗਹਿਰੀ ਸਾਜ਼ਿਸ਼ ਦੇਰ ਤੋਂ ਅਮਲ ਵਿਚ ਲਿਆਂਦੀ ਜਾ ਰਹੀ ਹੈ । ਇਸ ਸਾਜ਼ਿਸ਼ ਦਾ ਮੰਤਵ ਪੰਜਾਬੀਆਂ ਨੂੰ ਦਿੱਲੀ ਦਾ ਗੁਲਾਮ ਬਣਾ ਕੇ ਰੱਖਣਾ ਹੈ । ਕਿਉਂਕਿ ਸ਼੍ਰੋਮਣੀ ਅਕਾਲੀ ਦਲ ਇਸ ਸਾਜ਼ਿਸ਼ ਦੇ ਰਾਹ ਵਿਚ ਰੋੜਾ ਹੈ, ਇਸ ਲਈ ਇਸ ਪਾਰਟੀ ਨੂੰ ਪਹਿਲਾ ਨਿਸ਼ਾਨਾ ਬਣਾਇਆ ਗਿਆ ਹੈ ਤਾਂ ਕਿ ਇਸ ਨੂੰ ਬਦਨਾਮ ਕਰਕੇ ਕੌਮ ਨੂੰ ਇਸ ਨਾਲੋਂ ਤੋੜਿਆ ਜਾਵੇ ਤੇ ਕੌਮ ਨੂੰ ਆਗੂਹੀਣ ਕਰਕੇ ਰੱਖਿਆ ਜਾਵੇ ।

ਪੰਜਾਬ ਦੀ ਬੌਧਿਕ ਤ੍ਰਾਸਦੀ

ਕੌਮ ਦੀ ਇਹ ਤ੍ਰਾਸਦੀ ਰਹੀ ਹੈ ਕਿ ਕਈ ਸੂਝਵਾਨ ਤੇ ਸਤਿਕਾਰਤ ਸਿੱਖ ਬੁੱਧੀਜੀਵੀ ਤੇ ਨਾਮਵਰ ਪੱਤਰਕਾਰ ਵੀ ਅਚੇਤ ਜਾਂ ਸੁਚੇਤ ਰੂਪ ਵਿੱਚ ਇਸ ਸਾਜ਼ਿਸ਼ ਦੇ ਮੋਹਰੇ ਬਣਦੇ ਰਹੇ ਹਨ ਤੇ ਬਣ ਰਹੇ ਹਨ । ਇਹਨਾਂ ਰਾਹੀਂ ਪੰਜਾਬ ਦਾ ਸਮੁੱਚਾ ਬਿਰਤਾਂਤ ਸਿਰਫ ਤੇ ਸਿਰਫ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਜ਼ਹਿਰ ਉਗਲਣ ਤੇ ਹੀ ਕੇਂਦਰਿਤ ਰੱਖਿਆ ਜਾ ਰਿਹਾ ਹੈ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਮੌਜੂਦਾ ਹਾਲਾਤ ਤੇ ਸੰਕਟ

ਇਸ ਨਾਲ ਪੰਜਾਬ ਵਿਰੋਧੀ ਸ਼ਕਤੀਆਂ ਪੰਜਾਬ ਨੂੰ ਬੁਰੀ ਤਰ੍ਹਾਂ ਬਦਨਾਮ ਕਰਨ ਵਿੱਚ ਅਤੇ ਲੋਕਰਾਜੀ ਪੰਥਕ ਸ਼ਕਤੀ ਨੂੰ ਵੱਡੀ ਢਾਹ ਲਾਉਣ ਵਿੱਚ ਕਾਮਯਾਬ ਰਹੀਆਂ ਹਨ । ਸ਼੍ਰੋਮਣੀ ਅਕਾਲੀ ਦਲ ਇਹਨਾਂ ਸੂਝਵਾਨ ਵੀਰਾਂ-ਭੈਣਾਂ ਨੂੰ ਬੇਨਤੀ ਕਰਦਾ ਹੈ ਕਿ ਉਹ ਅਚੇਤ ਜਾਂ ਸੁਚੇਤ ਰੂਪ ਵਿੱਚ ਪੰਜਾਬ ਵਿਰੋਧੀ ਸਾਜ਼ਿਸ਼ਕਾਰਾਂ ਦੇ ਕੁਲਹਾੜੇ ਦਾ ਹੱਥਾ ਬਣਨ ਤੋਂ ਬਚਣ ।

ਸ਼੍ਰੋਮਣੀ ਅਕਾਲੀ ਦਲ ਬਹਾਨਾ ਹੈ, ਖਾਲਸਾ ਪੰਥ ਨਿਸ਼ਾਨਾ ਹੈ:

ਇਹ ਸਾਜ਼ਿਸ਼ ਨਵੀਂ ਨਹੀਂ ਹੈ । ਕਦੇ ਸਰਕਾਰੀ ਸਰਪ੍ਰਸਤੀ ਨਾਲ ਸਾਧ ਸੰਗਤ ਬੋਰਡ ਖੜੇ ਕੀਤੇ ਗਏ । ਕਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੰਗ ਕਰਕੇ ਸਿੱਧੇ ਸਰਕਾਰੀ ਕੰਟਰੋਲ ਹੇਠ ਲੈਣ ਦੀਆਂ ਸਾਜ਼ਿਸ਼ਾ ਹੋਈਆਂ । ਕਦੇ ਖਾਲਸਾ ਪੰਥ ਵਿਚੋਂ ਹੀ ਪੰਥ ਵੱਲੋਂ ਨਕਾਰੇ ਹਤਾਸ਼ ਅੰਸਰਾਂ ਨੂੰ ਸਰਪ੍ਰਸਤੀ ਤੇ ਸ਼ਹਿ ਦੇ ਕੇ ਉਹਨਾਂ ਰਾਹੀਂ ਪਾਰਟੀ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ । ਸੰਗਤਾਂ ਵਿੱਚ ਭੰਬਲਭੂਸੇ ਖੜ੍ਹੇ ਕਰਨਾ ਤੇ ਕੌਮ ਨੂੰ ਦੁਫਾੜ ਕਰਨ ਲਈ ਗਰਮ ਨਾਅਰੇ ਤੇ ਕੌਮ-ਮਾਰੂ ਸਿਆਸਤ ਨੂੰ ਸ਼ਹਿ ਦਿੱਤੀ ਜਾਂਦੀ ਹੈ । ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਨ ਲਈ ਅੰਧਾ ਧੁੰਦ ਕੂੜ ਪ੍ਰਚਾਰ ਕਰਵਾਇਆ ਜਾਂਦਾ ਹੈ । ਇਸ ਸਭ ਕੁਝ ਉਤੇ ਹਜ਼ਾਰਾਂ ਕਰੋੜ ਰੁਪਏ ਖਰਚ ਕੇ ਰਵਾਇਤੀ, ਸੋਸ਼ਲ ਮੀਡੀਆ ਅਤੇ ਅੰਨ੍ਹੇ ਕੂੜ ਪ੍ਰਚਾਰ ਰਾਹੀਂ ਝੂਠ ਫੈਲਾਇਆ ਜਾਂਦਾ ਹੈ । ਕੁਝ ਅੰਸਰਾਂ ਤੋਂ ਆਪ ਹੀ ਖਤਰਨਾਕ ਨਾਅਰੇ ਲਗਵਾ ਕੇ ਤੇ ਉਹਨਾਂ ਵਿਰੁੱਧ ਵਿਖਾਵੇ ਦੀ ਕਾਰਵਾਈ ਕਰਵਾ ਹੀਰੋ ਬਨਾਉਣ ਦੀਆਂ ਸਾਜ਼ਿਸ਼ਾਂ ਰਚੀਆਂ ਜਾਂਦੀਆਂ ਹਨ ਤੇ ਬਾਅਦ ਵਿਚ ਮੌਕੇ ਸਿਰ ਉਹਨਾਂ ਹੀ ਅੰਸਰਾਂ ਨੂੰ ਵੱਡੇ ਰੋਲ ਦੇਕੇ ਪਰਦੇ ਪਿੱਛੇ ਉਹਨਾਂ ਲਈ ਪ੍ਰਚਾਰ ਚਲਾਇਆ ਜਾਂਦਾ ਹੈ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਮੌਜ਼ੂਦਾ ਹਾਲਾਤ ਤੇ ਸੰਕਟ

ਇਹ ਸਭ ਕੁਝ ਇਸ ਲਈ ਕੀਤਾ ਜਾਂਦਾ ਕਿ ਕੌਮ ਦੀ ਸੰਗਤੀ-ਲੋਕਰਾਜੀ ਸ਼ਕਤੀ ਸ਼੍ਰੋਮਣੀ ਅਕਾਲੀ ਦਲ ਨੂੰ ਲਾਂਭੇ ਕਰਕੇ ਕੌਮ ਅਤੇ ਸਿੱਖ ਧਰਮ ਉਤੇ ਸਿੱਧਾ ਹੀ ਕੰਟਰੋਲ ਕਰ ਲਿਆ ਜਾਵੇ । ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਰਵਾਕੇ ਇਸ ਦਾ ਇਲਜ਼ਾਮ ਅਕਾਲੀ ਦਲ ਦੀ ਸਰਕਾਰ ਸਿਰ ਮੜ੍ਹਣਾ ਇਹਨਾਂ ਹੀ ਸਾਜ਼ਿਸ਼ਾਂ ਦਾ ਹਿੱਸਾ ਹੈ ।

ਸਮੁੱਚੀ ਕੌਮ ਨੂੰ ਇਹਨਾਂ ਖਤਰਨਾਕ ਸਾਜ਼ਿਸ਼ਾਂ ਵਿਰੁੱਧ ਸੁਚੇਤ ਹੋਣਾ ਪਏਗਾ । ਨਹੀਂ ਤਾਂ ਇਸ ਸਾਜ਼ਿਸ਼ ਹੇਠ ਸਿੱਖ ਕੌਮ ਨੂੰ ਪਹਿਲੋਂ ਵਾਂਗ ਦੁਨੀਆਂ ਭਰ ਵਿਚ ਇਕ ਖੂੰਖਾਰ ਅੱਤਵਾਦੀ ਤੇ ਵੱਖਵਾਦੀ ਕੌਮ ਵੱਜੋਂ ਬਦਨਾਮ ਕੀਤਾ ਜਾਏਗਾ ਤੇ ਇਸੇ ਦੀ ਆੜ ਹੇਠ ਪੰਜਾਬ ਵਿੱਚ ਪਹਿਲੋਂ ਵਾਂਗ ਹੀ ਸਰਕਾਰੀ ਅੱਤਵਾਦ, ਝੂਠੇ ਪੁਲਸ ਮੁਕਾਬਲਿਆਂ ਵਿੱਚ ਅਣਗਿਣਤ ਬੇਗੁਨਾਹ ਸਿੱਖ ਨੌਜਵਾਨਾਂ ਦੇ ਖ਼ੂਨ ਦੀ ਹੋਲੀ ਖੇਡਣ ਲਈ ਗਰਾਂਊਡ ਤਿਆਰ ਕੀਤੀ ਜਾ ਰਹੀ ਹੈ ।

ਪੰਜਾਬ ਵਿਚ ਹੁੱਲੜਬਾਜ਼ ਸਿਆਸਤ ਨੂੰ ਸ਼ਹਿ ਦੇ ਕੇ ਸੂਬੇ ਵਿੱਚ ਸਰਬੱਤ ਦੇ ਭਲੇ ਨੂੰ ਸਮਰਪਿਤ ਅਮਨ ਪਸੰਦ, ਲੋਕਰਾਜੀ ਸਿਆਸਤ ਨੂੰ ਮੁੜ ਖੇਰੂੰ-ਖੇਰੂੰ ਕਰਨ ਦੀ ਖੇਡ ਦੀ ਪੂਰੀ ਤਿਆਰ ਹੋ ਚੁੱਕੀ ਹੈ । ਸੂਬੇ ਤੇ ਖਾਸ ਤੌਰ ਤੇ ਸਿੱਖ ਕੌਮ ਨੂੰ ਇੱਕ ਵਾਰ ਫਿਰ ਹਿੰਸਾ ਤੇ ਸਰਕਾਰੀ ਦਹਿਸ਼ਤਵਾਦ ਦੀ ਭੱਠੀ ਵਿਚ ਸੁੱਟਣ ਦੀ ਜਿਸ ਗਹਿਰੀ ਸਾਜ਼ਿਸ਼ ਦੇ ਨਵੇਂ ਦੌਰ ਦੀ ਦਸਤਕ ਸਾਫ ਸੁਣਾਈ ਦੇ ਰਹੀ ਹੈ । ਬਾਅਦ ਵਿੱਚ ਇਸ ਦਾ ਇਲਜ਼ਾਮ ਵੀ ਸਿੱਖ ਕੌਮ ਸਿਰ ਹੀ ਮੜ੍ਹਿਆ ਜਾਏਗਾ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਚੇਤਾਵਨੀ

ਸ਼੍ਰੋਮਣੀ ਅਕਾਲੀ ਦਲ ਆਪਣਾ ਧਾਰਮਿਕ ਤੇ ਨੈਤਿਕ ਫਰਜ਼ ਸਮਝਦਾ ਹੈ ਕਿ ਸਮੂਹ ਪੰਜਾਬੀਆਂ ਤੇ ਖਾਸ ਕਰਕੇ ਸਿੱਖ ਸੰਗਤਾਂ ਨੂੰ ਨੀਂਦ ਤੋਂ ਜਗਾ ਕੇ ਇਸ ਸਾਜ਼ਿਸ਼ ਵਿਰੁੱਧ ਸੁਚੇਤ ਤੇ ਲਾਮਬੰਦ ਕਰਕੇ ਪੰਜਾਬ ਨੂੰ ਮੁੜ ਲਾਂਬੂ ਲੱਗਣ ਤੋਂ ਬਚਾ ਸਕੇ ।

ਪੰਜਾਬ ਤੇ ਪੰਜਾਬੀਆਂ ਲਈ ਮੌਜੂਦਾ ਚੋਣਾਂ ਵਿਚ ਸਭ ਤੋਂ ਵੱਡਾ ਮੁੱਦਾ ਇਹ ਹੈ ਕਿ ਸਾਡੇ ਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਦੇ ਵਰਤਮਾਨ ਤੇ ਭਵਿੱਖ ਸਬੰਧੀ ਫੈਸਲੇ ਕੀ ਪੰਜਾਬੀ ਖੁਦ ਕਰਿਆ ਕਰਨਗੇ ਜਾਂ ਕਿ ਇਹ ਦਿੱਲੀ ਦੇ ਧਾੜਵੀ ਕਰਿਆ ਕਰਨਗੇ ? ਕੀ ਸਾਡੇ ਬੱਚਿਆਂ, ਨੌਜਵਾਨਾਂ, ਬੀਬੀਆਂ, ਬੇਟੀਆਂ, ਮਾਵਾਂ, ਭੈਣਾਂ ਦੀ ਹੋਣੀ ਦਾ ਫੈਸਲਾ ਕਰਨ ਦਾ ਹੱਕ ਪੰਜਾਬੀਆਂ ਨੂੰ ਹੋਣਾ ਚਾਹੀਦਾ ਹੈ ਕਿ ਇਹਨਾਂ ਦੀ ਤਕਦੀਰ ਤੇ ਇੱਜ਼ਤ ਆਬਰੂ ਉਤੇ ਵੀ ਦਿੱਲੀ ਬੈਠੇ ਗੈਰ-ਪੰਜਾਬੀ ਕਾਬਿਜ਼ ਰਹਿਣਗੇ ?

ਇਹ ਹੈ ਸਵਾਲਾਂ ਦਾ ਸਵਾਲ

- ਗੱਲ ਸਿਰਫ ਸਰਕਾਰ ਬਨਾਉਣ ਜਾਂ ਨਾ ਬਨਾਉਣ ਦੀ ਨਹੀਂ।

- ਗੱਲ ਪੰਜਾਬ ਤੇ ਪੰਜਾਬੀਆਂ ਦੀ ਅਣਖ, ਆਬਰੂ ਤੇ ਖੁਦ-ਮੁਖਤਿਆਰੀ ਦੀ ਦਸਤਾਰ ਨੂੰ ਗੈਰਾਂ ਦੇ ਹੱਥਾਂ ਤੋਂ ਬਚਾਉਣ ਦੀ ਹੈ।

- ਗੱਲ ਇਕ ਹੋਰ ਧੋਖਾ ਖਾਣ ਜਾਂ ਨਾ ਖਾਣ ਦੀ ਹੈ।

- ਗੱਲ ਆਪਣਿਆਂ ਤੇ ਬੇਗਾਨਿਆਂ ਦੀ ਪਹਿਚਾਣ ਕਰਨ ਦੀ ਹੈ।

ਪੰਜਾਬ ਬਚਾਓ

ਐਲਾਨਨਾਮਾ

ਸ਼੍ਰੋਮਣੀ ਅਕਾਲੀ ਦਲ

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਏਜੰਡਾ ਤੇ ਵਿਧੀ



ਪੰਜਾਬ ਦੇ ਗੰਭੀਰ ਮੁੱਦੇ

ਸਿਆਸੀ:

1. ਪੰਥਕ ਆਦਰਸ਼ – ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ - ਇਸ ਤੋਂ ਬਿਨਾਂ ਤਰੱਕੀ ਤੇ ਖੁਸ਼ਹਾਲੀ ਸੰਭਵ ਹੀ ਨਹੀਂ ਹੈ ।
2. ਦੇਸ਼ ਵਿਚ ਸਹੀ ਅਰਥਾਂ ਵਿਚ ਫੈਡਰਲ ਢਾਂਚਾ ਲਾਗੂ ਕਰਵਾਉਣਾ - ਰਾਜਾਂ ਕੋਲ ਆਰਥਿਕ ਤੇ ਪ੍ਰਸ਼ਾਸ਼ਨਿਕ ਖੁਦ-ਮੁਖ਼ਤਿਆਰੀ (AUTONOMY) ਹੋਵੇ । ਅਨੰਦਪੁਰ ਸਾਹਿਬ ਦਾ ਮਤਾ (ਜਿਸ ਨੂੰ ਪਾਰਲੀਮੈਂਟ ਤੇ ਦੇਸ਼ ਦੀ ਸਰਕਾਰ ਨੇ ਸਹੀ ਮੰਨ ਕੇ ਸਰਕਾਰੀਆ ਕਮਿਸ਼ਨ ਬਣਾਇਆ ਸੀ) ਵੀ ਇਹਨਾਂ ਅਧਿਕਾਰਾਂ ਦਾ ਹੀ ਜ਼ਿਕਰ ਕਰਦਾ ਹੈ ।
3. ਸਮਾਜਕ ਤੇ ਆਰਥਿਕ ਤੇ ਸਮਾਜਿਕ ਬਰਾਬਰੀ ਤੇ ਇਨਸਾਫ ਦਾ ਬੋਲਬਾਲਾ ਹੋਵੇ
4. ਸਮਾਜਕ ਧਾਰਮਿਕ ਅਜ਼ਾਦੀ ਤੇ ਸਭ ਧਰਮਾਂ ਦਾ ਬਰਾਬਰ ਸਤਿਕਾਰ
5. ਜਮਹੂਰੀ ਕਦਰਾਂ ਕੀਮਤਾਂ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ
6. ਦਮਨ ਅਤੇ ਦਮਨਕਾਰੀ ਕਾਨੂੰਨ ਖਤਮ ਕਰਵਾਉਣੇ

ਸੰਵਿਧਾਨ:

ਸ਼੍ਰੋਮਣੀ ਅਕਾਲੀ ਦਲ ਸੰਵਿਧਾਨ ਦੇ ਬੁਨਿਆਦੀ ਬਹੁ-ਕੌਮੀ, ਬਹੁ-ਵਰਗੀ, ਬਹੁ-ਧਰਮੀ ਢਾਂਚੇ ਦੀ ਰੱਖਿਆ ਤੇ ਘੱਟ ਗਿਣਤੀਆਂ ਸਹਿਤ ਸਭ ਪਿਛੜੇ ਵਰਗਾਂ ਦੇ ਹਿੱਤਾਂ 'ਤੇ ਪਹਿਰੇਦਾਰੀ ਕਰਨ ਅਤੇ ਇਸ ਨੂੰ ਹੋਰ ਫੈਡਰਲ ਲੀਹਾਂ ਤੇ ਚਲਾਉਣ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਾ ਹੈ ।

ਸ਼੍ਰੋਮਣੀ ਅਕਾਲੀ ਭਾਰਤ ਦੇ ਸੰਵਿਧਾਨ ਵਿਚ ਦਰਜ ਫੈਡਰਲ ਤੇ ਲੋਕ ਰਾਜੀ ਕਦਰਾਂ ਕੀਮਤਾਂ ਤੇ ਮਨੁੱਖੀ ਅਧਿਕਾਰਾਂ ਤੇ ਪਹਿਰਾ ਦੇਣ ਲਈ ਸੰਘਰਸ਼ ਜਾਰੀ ਰੱਖੇਗਾ , ਤਾਂ ਕੋ ਸਮੂਹ ਦੇਸ਼ ਵਾਸੀਆਂ ਦੇ ਬੁਨਿਆਦੀ ਹੱਕਾਂ ਦੀ ਰਖਵਾਲੀ ਯਕੀਨੀ ਬਣਾਈ ਜਾਏ । ਪਾਰਟੀ ਸਮੂਹ ਦੇਸ਼ ਵਾਸੀਆਂ ਖਾਸ ਕਰਕੇ ਪਿਛੜੇ ਤੇ ਲਿਤਾੜੇ ਵਰਗਾਂ ਤੇ ਘਟ ਗਿਣਤੀਆਂ ਦੇ ਅਧਿਕਾਰਾਂ ਦੀ ਹਿਫਾਜ਼ਤ ਕੀਤੀ ਜਾਏ।

ਪੰਜਾਬ ਦੇ ਲੰਬੇ ਸਮੇਂ ਤੋਂ ਲਟਕਦੇ ਮਸਲੇ:

1. ਪੰਜਾਬ ਦਾ ਦਰਿਆਈ ਪਾਣੀਆਂ ਉੱਤੇ ਰਾਈਪੇਰੀਅਨ ਹੱਕ ਹੀ ਮਸਲੇ ਦਾ ਹੱਲ ਹੈ ।

2. ਸ਼੍ਰੋਮਣੀ ਅਕਾਲੀ ਦਲ ਉਹਨਾਂ ਸਾਰੇ ਐਲਾਨਾਂ ਜਾਂ ਫੈਸਲਿਆਂ ਨੂੰ ਰੱਦ ਕਰਦਾ ਹੈ, ਜਿਹਨਾਂ ਵਿੱਚ ਮਸਲੇ ਦਾ ਹੱਲ ਪੰਜਾਬ ਦੇ ਹੱਕ ਨੂੰ ਤਸਲੀਮ ਕਰਵਾਉਣ ਤੋਂ ਬਿਨਾਂ ਕਰਨ ਲਈ ਜ਼ੋਰ ਪਾਇਆ ਗਿਆ ਹੈ । ਇਹਨਾਂ ਨੂੰ ਰੱਦ ਕੀਤਾ ਜਾਵੇਗਾ ।

3. ਇਸ ਹੱਕ ਅਨੁਸਾਰ ਪੰਜਾਬ ਦੇ ਦਰਿਆਈ ਪਾਣੀਆਂ ਦੇ ਇਵਜ਼ ਵਿਚ ਰਾਇਲਟੀ ਲਈ ਜਾਵੇਗੀ, ਜਿਵੇਂ ਹੋਰਨਾਂ ਰਾਜਾਂ ਨੂੰ ਉਹਨਾਂ ਦੇ ਕੁਦਰਤੀ ਸੋਮਿਆਂ ਕਰਕੇ ਦਿੱਤੀ ਜਾਂਦੀ ਹੈ ।

4. ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਵੱਲੋਂ ਪੰਜਾਬ ਪੁਨਰ ਗਠਨ ਐਕਟ 1966 ਦੀ ਧਾਰਾ 78/79 ਵਿਰੁਧ ਪਾਏ ਹੋਏ ਕੇਸ ਨੂੰ ਅੱਗੇ ਵਧਾਇਆ ਜਾਵੇਗਾ ।

ਇਲਾਕਾਈ ਮੁੱਦੇ:

1. ਚੰਡੀਗੜ੍ਹ ਬਿਨਾਂ ਸ਼ਰਤ ਪੰਜਾਬ ਨੂੰ ਦਿੱਤਾ ਗਿਆ ਸੀ ਤੇ ਜਿਸ ਦਾ ਪ੍ਰਸ਼ਾਸ਼ਨਿਕ ਕੰਟਰੋਲ ਪੁਨਰਗਠਨ ਦੇ ਪੰਜ ਸਾਲ ਦੇ ਅੰਦਰ ਅੰਦਰ ਪੰਜਾਬ ਨੂੰ ਦਿੱਤਾ ਜਾਣਾ ਸੀ, ਉਸ ਨੂੰ ਤੁਰੰਤ ਪੰਜਾਬ ਲਈ ਲੈਣ ਵਾਸਤੇ ਹੰਭਲਾ ਮਾਰਿਆ ਜਾਵੇਗਾ ।

2. ਪੰਜਾਬ ਤੋਂ ਬਾਹਰ ਰੱਖੇ ਤੇ ਹੋਰ ਸਾਰੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਵਾਪਿਸ ਲੈਣ ਲਈ ਸੰਘਰਸ਼ ਕੀਤਾ ਜਾਵੇਗਾ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਏਜੰਡਾ ਤੇ ਵਿਧੀ



ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਏਜੰਡਾ ਤੇ ਵਿਧੀ

ਧਾਰਮਿਕ ਖੇਤਰ

1. ਸਿੱਖ ਕੌਮ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਰਾਹੀਂ ਪਾਵਨ ਤਖਤਾਂ, ਗੁਰਧਾਮਾਂ ਤੇ ਧਾਰਮਿਕ ਸੰਸਥਾਵਾਂ ਉਤੇ ਜ਼ਬਰਨ ਕਬਜ਼ੇ ਕਰ ਕੇ ਸਿੱਖ ਧਰਮ ਦੀ ਵੱਖਰੀ ਹੋਂਦ ਨੂੰ ਖਤਮ ਕਰਨ ਦੀ ਸਾਜ਼ਿਸ਼ ਬੇਹੱਦ ਖਤਰਨਾਕ ਹੈ । ਸ਼੍ਰੋਮਣੀ ਅਕਾਲੀ ਦਲ ਇਸ ਵਿਰੁੱਧ ਰਾਇ ਲਾਮਬੰਦ ਕਰੇਗਾ ਤੇ ਬਣਨ ਵਾਲੀ ਸਰਕਾਰ ਉਤੇ ਜ਼ੋਰ ਪਾ ਕੇ ਇਸ ਨੂੰ ਬੰਦ ਕਰਵਾਏਗਾ ।

2. ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਹੋਰ ਅੱਗੇ ਵਧਾਇਆ ਜਾਵੇਗਾ । ਜੋ ਸਿੰਘ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ 'ਤੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਧੰਨ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਪ੍ਰਕਾਸ਼ ਉਤਸਵ ਮੌਕੇ ਇਹਨਾਂ ਦੀ ਰਿਹਾਈ ਦਾ ਜਨਤਕ ਐਲਾਨ ਕੀਤਾ ਸੀ ।

3. ਜਦੋਂ ਤੱਕ ਇਹਨਾਂ ਦੀ ਰਿਹਾਈ ਨਹੀਂ ਹੁੰਦੀ, ਉਹਨਾਂ ਨੂੰ ਪੰਜਾਬ ਦੀਆਂ ਜ਼ੇਲ੍ਹਾਂ ਵਿਚ ਤਬਦੀਲ ਕਰਨ ਲਈ ਜ਼ੋਰ ਪਾਇਆ ਜਾਵੇਗਾ ।

4. ਸਾਰੇ ਦਮਨਕਾਰੀ ਕਾਨੂੰਨ ਖਤਮ ਕਰਵਾਉਣ ਤੇ ਜ਼ੋਰ ਦਿੱਤਾ ਜਾਵੇਗਾ ।

5. ਸੰਨ 1984 ਦੌਰਾਨ ਸਿੱਖ ਨਸਲਕੁਸ਼ੀ ਦੇ ਕੁਝ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਵਿਚ ਅਕਾਲੀ ਦਲ ਕਾਮਯਾਬ ਰਿਹਾ ਪਰ ਕਈ ਕਾਤਲ ਅਜੇ ਵੀ ਕਾਂਗਰਸ ਪਾਰਟੀ ਵਿਚ ਉੱਚੇ ਅਹੁਦੇ ਮਾਣ ਰਹੇ ਹਨ । ਉਹਨਾਂ ਨੂੰ ਵੀ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੁਆਉਣ ਲਈ ਹੰਭਲੇ ਮਾਰੇ ਜਾਣਗੇ ।

6. ਹੋਰਨਾਂ ਸੂਬਿਆਂ ਵਿਚ ਪੰਜਾਬੀ ਬੋਲੀ ਤੇ ਪੰਜਾਬੀ ਸੱਭਿਆਚਾਰ ਦੇ ਪ੍ਰਸਾਰ ਲਈ ਹੰਭਲੇ ਮਾਰੇ ਜਾਣਗੇ।

ਸ਼੍ਰੋਮਣੀ ਅਕਾਲੀ ਦਲ

ਪੰਜਾਬੀਆਂ ਦੇ ਵਿਸ਼ੇਸ਼ ਹਿੱਤਾਂ ਦੀ ਰਾਖੀ ਲਈ

1. ਪੰਜਾਬ ਵਿੱਚ ਵੀ ਪੰਜਾਬੀਆਂ ਦੇ ਹਿੱਤਾਂ ਨੂੰ ਖੋਰਾ ਲੱਗ ਰਿਹਾ ਹੈ ।
2. ਪੰਜਾਬ ਵਿੱਚ ਨੌਕਰੀਆਂ ਸਿਰਫ ਪੰਜਾਬੀਆਂ ਨੂੰ ਹੀ ਦਿੱਤੀਆਂ ਜਾਣਗੀਆਂ ।
3. ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਦੀ ਲੁੱਟ-ਖਸੁੱਟ ਰੋਕਣ ਲਈ ਕਾਨੂੰਨ ਬਣਾ ਕੇ ਲਾਜ਼ਮੀ ਕੀਤਾ ਜਾਵੇਗਾ ਕਿ ਕੋਈ ਬਾਹਰਲੇ ਸੂਬਿਆਂ ਦੇ ਲੋਕ ਪੰਜਾਬ ਵਿਚ ਖੇਤੀ ਵਾਹੀ ਯੋਗ ਜ਼ਮੀਨ ਨਾ ਖਰੀਦ ਸਕਣ ।

ਐਲਾਨਨਾਮਾ 2024

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਏਜੰਡਾ ਤੇ ਵਿਧੀ

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਏਜੰਡਾ ਤੇ ਵਿਧੀ

ਵਿਸ਼ੇਸ਼:

1. ਭਾਰਤ ਸਰਕਾਰ ਉਤੇ ਜ਼ੋਰ ਪਾਇਆ ਜਾਵੇਗਾ ਕਿ ਉਹ ਪਾਕਿਸਤਾਨ ਸਰਕਾਰ ਨਾਲ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਕਰਤਾਰਪੁਰ ਸਾਹਿਬ ਦੀ ਪਾਵਨ ਧਰਤੀ ਨੂੰ ਭਾਰਤ ਵਿਚ ਸ਼ਾਮਿਲ ਕਰਨ ਲਈ ਰਜ਼ਾਮੰਦ ਹੋਵੇ ਅਤੇ ਇਸ ਦੇ ਬਦਲੇ ਵਿਚ ਪਾਕਿਸਤਾਨ ਨੂੰ ਕਿਸੇ ਹੋਰ ਥਾਂ ਤੋਂ ਜਗਾਹ ਦੇ ਦਿੱਤੀ ਜਾਏ । ਭਾਰਤ ਤੇ ਪਾਕਿਸਤਾਨ ਪਹਿਲਾਂ ਵੀ ਅਜਿਹਾ ਕਰ ਚੁੱਕੇ ਹਨ ਜਦੋਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਹੁਰਾਂ ਨਾਲ ਸਬੰਧਿਤ ਹੁਸੈਨੀਵਾਲਾ ਵਿਖੇ ਜ਼ਮੀਨ ਇਸੇ ਤਰਾਂ ਜ਼ਮੀਨ ਬਦਲੇ ਹੀ ਲਈ ਗਈ ਸੀ । ਇਸੇ ਤਰਾਂ ਦਾ ਹੀ ਤਬਾਦਲਾ ਬੰਗਲਾਦੇਸ਼ ਨਾਲ ਵੀ ਕੀਤਾ ਜਾ ਚੁੱਕਾ ਹੈ । ਇਸ ਲਈ ਇਹ ਕੋਈ ਨਵੀਂ ਗੱਲ ਨਹੀਂ ਹੋਵੇਗੀ । ਇਸ ਤਰਾਂ ਕਰਨ ਨਾਲ ਸਿੱਖ ਕੌਮ ਦੀ ਉਹਨਾਂ ਇਤਿਹਾਸਿਕ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਅਰਦਾਸ ਨੂੰ ਬੂਰ ਪਵੇਗਾ ਜਿਹਨਾਂ ਗੁਰਧਾਮਾਂ ਤੋਂ ਕੌਮ ਨੂੰ 1947 ਵਿਚ ਵਿਛੋੜਿਆ ਗਿਆ ਸੀ ।

2. ਪਾਕਿਸਤਾਨ ਸਰਕਾਰ ਤੋਂ ਇਹ ਵੀ ਮੰਗ ਕੀਤੀ ਜਾਵੇ ਕਿ ਇਹ ਤਬਾਦਲਾ ਹੋਣ ਤੱਕ, ਉਹ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾ ਰਹੀਆਂ ਸੰਗਤਾਂ ਤੋਂ ਪਾਸਪੋਰਟ ਦੀ ਸ਼ਰਤ ਹਟਾ ਕੇ ਸਿਰਫ ਪਰਮਿਟ ਦੀ ਸੁਵਿਧਾ ਲਾਗੂ ਕਰੇ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਪੇਜਿਤਾ ਤੇ ਵਿਧੀ

ਅੰਤਰ-ਰਾਸ਼ਟਰੀ ਵਪਾਰ:

ਪਾਕਿਸਤਾਨ ਨਾਲ ਅਟਾਰੀ ਅਤੇ ਹੁਸੈਨੀਵਾਲਾ ਬਾਰਡਰ:

ਇਹ ਬਾਰਡਰ ਵਪਾਰ ਲਈ ਖੋਲ੍ਹਣ ਵਾਸਤੇ ਵੱਡੀ ਪਹਿਲ ਤੇ ਹੰਭਲੇ ਮਾਰੇ ਜਾਣਗੇ । ਪੰਜਾਬੀਆਂ ਦੀ ਖੁਸ਼ਹਾਲੀ ਲਈ ਅਜਿਹਾ ਕਰਨਾ ਬੇਹੱਦ ਲਾਜ਼ਮੀ ਹੈ ।

ਪੰਜਾਬ ਲਈ ਆਰਥਿਕ ਵਿਸ਼ੇਸ਼ ਦਰਜਾ:

ਇੱਕ ਸਰਹੱਦੀ ਸੂਬਾ ਹੋਣ ਦੇ ਨਾਤੇ ਪੰਜਾਬ ਨੂੰ ਵਪਾਰ, ਉਦਯੋਗ ਅਤੇ ਵਿਕਾਸ ਦੇ ਹੋਰ ਪਹਿਲੂਆਂ ਤੋਂ ਵੱਡੀਆਂ ਮੁਸ਼ਕਿਲਾਂ ਦਰਪੇਸ਼ ਹਨ । ਇਸ ਦਾ ਇੱਕੋ ਇੱਕ ਹੱਲ ਪੰਜਾਬ ਨੂੰ ਸਰਹੱਦੀ ਸਬੇ ਵੱਜੋਂ ਇੱਕ ਵਿਸ਼ੇਸ਼ ਆਰਥਿਕ ਸਟੇਟਸ ਦੇਣਾ ਹੈ, ਜਿਸ ਨਾਲ ਇਥੇ ਵਪਾਰ, ਉਦਯੋਗ, ਟੂਰਿਜ਼ਮ ਤੇ ਹੋਰ ਖੇਤਰਾਂ ਵਿੱਚ ਨਿਵੇਸ਼ ਕਰਨ ਵਾਲਿਆਂ ਨੂੰ ਵੱਡੀਆਂ ਰਿਆਇਤਾਂ ਦਿੱਤੀਆਂ ਜਾਣ । ਪਾਰਟੀ ਸੂਬੇ ਲਈ ਇਹ ਸਟੇਟਸ ਲੈਣ ਲਈ ਖਾਸ ਉਪਰਾਲੇ ਕਰੇਗੀ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਏਜੰਡਾ ਤੇ ਵਿਧੀ



ਵਿਸੇਸ਼ ਆਰਥਿਕ ਜ਼ੋਨ:

*ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਤਿੰਨ ਵਿਸੇਸ਼ ਆਰਥਿਕ ਜ਼ੋਨ ਬਨਾਉਣ ਲਈ ਕੇਂਦਰ ਉਤੇ ਜ਼ੋਰ ਪਾਏਗਾ ।

ਬਾਰਡਰ ਜ਼ੋਨ - ਕੰਡੀ ਜ਼ੋਨ - ਬੇਟ ਜ਼ੋਨ

* ਇਹਨਾਂ ਖਿੱਤਿਆਂ ਵਿਚ ਉਹ ਹੀ ਸਹੂਲਤਾਂ ਦੁਆਈਆਂ ਜਾਣਗੀਆਂ ਜਿਹੜੀਆਂ ਕਿ ਗਵਾਂਢੀ ਪਹਾੜੀ ਰਾਜਾਂ ਨੂੰ ਦਿੱਤੀਆਂ ਗਈਆਂ ਹਨ ਕਿਉਂਕਿ ਇਹਨਾਂ ਖੇਤਰਾਂ ਵਿੱਚ ਲੋਕਾਂ ਨੂੰ ਜੋ ਮੁਸ਼ਕਿਲਾਂ ਦਰਪੇਸ਼ ਆਉਦੀਆਂ ਹਨ ਉਹ ਪਹਾੜੀ ਖੇਤਰਾਂ ਤੋਂ ਵੀ ਵੱਧ ਹਨ ।

* ਬਾਰਡਰ ਖਿੱਤੇ ਵਿੱਚ ਛੋਟੀਆਂ ਤੇ ਮੱਧਿਅਮ ਉਦਯੋਗਿਕ ਇਕਾਈਆਂ ਅਤੇ ਉਦਯੋਗ ਕੇਂਦਰਿਤ ਸਕਿੱਲ ਡਿਵੈਲਪਮੈਂਟ ਯੂਨੀਵਰਸਿਟੀਆਂ ਤੇ ਸਟਾਰਟ ਅੱਪਸ ਕੇਂਦਰ ਲਈ ਸਬਸਿਡੀਜ਼ ਦਿੱਤੀਆਂ ਜਾਣਗੀਆਂ ।

ਕੰਡਿਆਲੀ ਤਾਰ ਪਾਰ ਕਿਸਾਨਾਂ ਲਈ ਵਿਸ਼ੇਸ਼ ਪੈਕਜ

* ਪੰਜਾਹ ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਸਲਾਨਾ ਮੁਆਵਜ਼ਾ
* ਉਹਨਾਂ ਦੇ ਕੰਮ ਲਈ ਰੋਜ਼ਾਨਾ ਘੱਟੋ ਘੱਟ 8 ਘੰਟੇ ਦੀ ਸਮਾਂ-ਸੀਮਾ
* ਉਹਨਾਂ ਦੇ ਬੱਚਿਆਂ ਲਈ ਨੌਕਰੀਆਂ ਵਿਚ ਰਾਖਵਾਂਕਰਣ

ਕੰਡੀ ਤੇ ਬੇਟ ਏਰੀਏ ਲਈ

* ਨੈਸ਼ਨਲ ਪੱਧਰ ਦੇ ਵਿਕਾਸ ਬੋਰਡ ਦੀ ਸਥਾਪਨਾ ਕਰਵਾਉਣਾ
* ਛੋਟੇ ਤੇ ਮੱਧਮ ਉਦਯੋਗਿਕ ਯੂਨਿਟ
* ਪੀਣ ਲਈ ਤੇ ਸਿੰਚਾਈ ਵਾਲੇ ਪਾਣੀ ਦੀ ਸਹੂਲਤ
* ਜੰਗਲੀ ਜਾਨਵਰਾਂ ਦੇ ਉਜਾੜੇ ਤੋਂ ਬਚਾਅ ਦੇ ਪ੍ਰਬੰਧ

ਪੰਜਾਬ ਵਿਚ ਤਿੰਨ ਆਰਥਿਕ ਹੱਬ

* ਸ਼੍ਰੀ ਅੰਮ੍ਰਿਤਸਰ ਸਾਹਿਬ ਨੂੰ ਵਿਸ਼ਵ ਪੱਧਰ ਦਾ ਧਾਰਮਿਕ ਟੂਰਿਜ਼ਮ ਹੱਬ (ਇਸੇ ਤਰ੍ਹਾਂ ਦੇ ਨਾਲ ਹੀ ਹਰੀਕੇ ਪੱਤਣ, ਪਠਾਨਕੋਟ ਅਤੇ ਥੀਨ ਡੈਮ ਦੇ ਇਰਦ ਗਿਰਦ ਵੱਡੇ ਪੱਧਰ ਦੇ ਟੂਰਿਜ਼ਮ ਹੱਬ)
* ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਨੂੰ ਆਈ.ਟੀ ਹੱਬ ਬਨਾਉਣਾ ਬਦਕਿਸਮਤੀ ਨਾਲ ਇਸ ਵਕਤ ਮੁਹਾਲੀ ਤੋਂ ਕਈ ਐਸੇ ਵੱਡੇ ਆਈ.ਟੀ ਨਿਵੇਸ਼ਕਾਰ ਛੱਡਣ ਦੇ ਰਾਹ 'ਤੇ ਹਨ ਜਿਹਨਾਂ ਨੂੰ ਅਸੀਂ ਉਤਸ਼ਾਹਿਤ ਕਰਕੇ ਇਥੇ ਲੈ ਕੇ ਆਏ ਸੀ ।
* ਮਾਲਵਾ ਖਿੱਤੇ ਨੂੰ ਟੈਕਸਟਾਈਲ ਹੱਬ ਬਨਾਉਣਾ
* ਮਾਲਵਾ ਪੱਟੀ ਦੇ ਨਰਮਾਂ ਤੇ ਕਪਾਹ ਉਤਪਾਦਿਕ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਦੇ ਯਤਨ ਕੀਤੇ ਜਾਣਗੇ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਏਜੰਡਾ ਤੇ ਵਿਧੀ

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਏਜੰਡਾ ਤੇ ਵਿਧੀ

ਅਨੁਸੂਚਿਤ ਤੇ ਪਿਛੜੇ ਸ਼੍ਰੇਣੀਆਂ ਦੇ ਉੱਜਲ ਭਵਿੱਖ ਲਈ:

* ਮਹਾਨ ਗੁਰੂ ਸਾਹਿਬਾਨ ਵੱਲੋਂ ਸਮਾਜਿਕ ਬਰਾਬਰੀ ਦੇ ਦਿਖਾਏ ਮਾਰਗ 'ਤੇ ਚਲਦੇ ਹੋਏ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਦਲਿਤ ਲਹਿਰ ਦਾ ਅਨਿੱਖੜਵਾਂ ਅੰਗ ਹੀ ਨਹੀਂ ਰਿਹਾ ਬਲਕਿ ਇਸ ਦੀ ਬਹਿਤਰੀ, ਵਿਕਾਸ ਤੇ ਖੁਸ਼ਹਾਲੀ ਲਈ ਪਹਿਲੀ ਕਤਾਰ ਵਿਚ ਰਹਿ ਕੇ ਲੜਾਈ ਲੜਦਾ ਆਇਆ ਹੈ ।

* ਇਹਨਾਂ ਹੀ ਲੀਹਾਂ ਤੇ ਆਪਣੇ ਸੰਘਰਸ਼ ਨੂੰ ਅੱਗੇ ਵਧਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਪਿਛੜੇ (BACKWARD) ਵਰਗਾਂ ਤੇ ਅਨੁਸੂਚਿਤ ਜਾਤੀਆਂ ਦੇ ਬਹਿਤਰ ਭਵਿੱਖ ਲਈ ਉਹਨਾਂ ਵੱਲੋਂ ਵਿਸ਼ੇਸ਼ ਜਾਤੀ ਗਣਨਾ ਦੀ ਮੰਗ ਦੀ ਭਰਪੂਰ ਹਮਾਇਤ ਕਰਦਾ ਹੈ ਤੇ ਇਸ ਮੰਗ ਦੀ ਪੂਰਤੀ ਲਈ ਉਚੇਚੇ ਹੰਭਲੇ ਮਾਰੇਗਾ ।

ਘੱਟ ਗਿਣਤੀਆਂ ਸਬੰਧੀ:

1. ਇਸ ਵਕਤ ਦੇਸ਼ ਵਿਚ ਘੱਟ-ਗਿਣਤੀਆਂ ਦੇ ਮਨਾਂ ਵਿਚ ਭਾਰੀ ਅਸੁਰੱਖਿਅਤਾ ਦੀ ਭਾਵਨਾ ਬਣੀ ਹੋਈ ਹੈ । ਮੁਸਲਿਮ, ਈਸਾਈ, ਬੋਧੀ, ਜੈਨੀ ਤੇ ਹੋਰ ਘੱਟ ਗਿਣਤੀ ਧਰਮਾਂ ਤੇ ਕਬੀਲੇ ਸਰਕਾਰੀ ਦਹਿਸ਼ਤ ਦਾ ਸ਼ਿਕਾਰ ਹੋਏ ਮਹਿਸੂਸ ਕਰ ਰਹੇ ਹਨ । ਅਕਾਲੀ ਦਲ ਸਮੂਹ ਘੱਟ ਗਿਣਤੀਆਂ ਦੇ ਹਿੱਤਾਂ ਦੀ ਰਖਵਾਲੀ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਾ ਹੈ ।

2. ਅਕਾਲੀ ਦਲ ਦੇਸ਼ ਵਿਚ ਘੱਟ ਗਿਣਤੀ ਕਮਿਸ਼ਨ ਨੂੰ ਸੰਵਿਧਾਨਿਕ ਦਰਜਾ ਦੇਣ ਤੇ ਉਸ ਦੇ ਚੇਅਰ-ਪਰਸਨ ਨੂੰ ਕੈਬਨਿਟ ਮੰਤਰੀ ਦੇ ਬਰਾਬਰ ਦਰਜਾ ਦੁਆਉਣ ਤੇ ਉਸ ਦੇ ਅਹੁਦੇ ਦੀ ਮਿਆਦ 6 ਸਾਲ ਕਰਵਾਉਣ ਉਤੇ ਜ਼ੋਰ ਪਾਵੇਗਾ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਏਜੰਡਾ ਤੇ ਵਿਧੀ

3. ਘੱਟ ਗਿਣਤੀ ਦੇ ਸੰਕਲਪ ਨੂੰ ਦੇਸ਼ ਪੱਧਰੀ ਘੱਟ ਗਿਣਤੀਆਂ ਦੀ ਥਾਂ ਰਾਜ ਪੱਧਰ ਤੇ ਘੱਟ ਗਿਣਤੀ ਤਸਲੀਮ ਕਰਵਾਉਣ ਦੀ ਗਹਿਰੀ ਸਾਜ਼ਿਸ਼ ਚਲ ਰਹੀ ਹੈ, ਜਿਸ ਨੂੰ ਪਾਰਟੀ ਕਦੇ ਵੀ ਕਾਮਯਾਬ ਨਹੀਂ ਹੋਣ ਦੇਵੇਗੀ ।

4. ਸ਼੍ਰੋਮਣੀ ਅਕਾਲੀ ਦਲ ਮੁਸਲਿਮ ਵੀਰਾਂ ਉਤੇ ਸਾਂਝਾ ਸਿਵਲ ਕੋਡ ਥੋਪਣ ਦੀ ਵਿਰੋਧਤਾ ਕਰਦਾ ਹੈ ਤੇ ਕਰਦਾ ਰਹੇਗਾ ।

5. ਮੁਸਲਿਮ ਭਾਈਚਾਰੇ ਲਈ ਹੱਜ ਦੀ ਸਬਸਿਡੀ ਜੋ ਬੰਦ ਕਰ ਦਿੱਤੀ ਗਈ ਹੈ, ਦੁਬਾਰਾ ਚਾਲੂ ਕਰਵਾਈ ਜਾਵੇਗੀ ਤੇ ਉਹਨਾਂ ਲਈ ਚੰਡੀਗੜ੍ਹ ਤੋਂ ਵੀ ਵਿਸ਼ੇਸ਼ ਹੱਜ ਉਡਾਣ ਸ਼ੁਰੂ ਕਰਵਾਉਣ ਲਈ ਜ਼ੋਰ ਪਾਇਆ ਜਾਵੇਗਾ ।

6. ਈਸਾਈ ਭਾਈਚਾਰੇ ਨਾਲ ਸਬੰਧਿਤ ਸਮੱਸਿਆਵਾਂ ਜਿਵੇਂ ਉਹਨਾਂ ਲਈ ਅਲੱਗ ਕਬਰਸਿਤਾਨ, ਆਰ.ਸੀ ਅਧਾਰਤ ਜ਼ਮਾਨਤ, ਲੋਕ ਰਾਜੀ ਸੰਸਥਾਵਾਂ ਵਿੱਚ ਉਹਨਾਂ ਲਈ ਅਸਥਾਨ ਅਤੇ ਉਹਨਾਂ ਦੇ ਇਤਿਹਾਸਿਕ ਤੀਰਥ ਅਸਥਾਨਾਂ ਦੀ ਸੁਰੱਖਿਆ ਦਾ ਮਸਲਾ ਹੱਲ ਕਰਵਾਉਣ ਲਈ ਯਤਨ ਕੀਤੇ ਜਾਣਗੇ ।

7. ਗਡਰੀਆ ਸ਼ੈਫਰਡ ਫਿਰਕਾ ਸੰਵਿਧਾਨ ਦੀ ਧਾਰਾ 16/4 ਸਬੰਧੀ ਜੋ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਹੈ, ਉਸ ਨੂੰ ਹੱਲ ਕਰਵਾਉਣ ਲਈ ਹੰਭਲਾ ਮਾਰਿਆ ਜਾਵੇਗਾ ।

8. ਤੁਗਲਕਾਬਾਦ ਦਿੱਲੀ ਵਿਚ ਗੁਰੂ ਰਵਿਦਾਸ ਜੀ ਮਹਾਰਾਜ ਦੇ ਮੰਦਿਰ ਦੀ ਤੁਰੰਤ ਮੁੜ ਉਸਾਰੀ ਲਈ ਹਰ ਸੰਭਵ ਹੀਲਾ ਕੀਤਾ ਜਾਵੇਗਾ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਏਜੰਡਾ ਤੇ ਵਿਧੀ

ਅਨੁਸੂਚਿਤ ਜਾਤੀਆਂ/ ਵਰਗਾਂ ਦੀ ਅਨੁਪਾਤ:

* ਪੰਜਾਬ ਅਨੁਸੂਚਿਤ ਜਾਤੀਆਂ/ ਵਰਗਾਂ ਦੀ ਅਨੁਪਾਤ ਪੱਖੋਂ ਦੇਸ਼ ਵਿਚ ਪਹਿਲੇ ਨੰਬਰ ਤੇ ਹੈ । ਇਸ ਪੱਖੋਂ ਸੂਬਾ ਵਿਸ਼ੇਸ਼ ਪੈਕਜ ਦਾ ਹੱਕਦਾਰ ਹੈ । ਪਾਰਟੀ ਇਸ ਪੈਕਜ ਲਈ ਉਚੇਚੇ ਯਤਨ ਕਰੇਗੀ ।

* ਪਾਰਟੀ ਅਨੁਸੂਚਿਤ ਜਾਤੀ ਨਾਲ ਸਬੰਧਿਤ ਵਿਦਿਆਰਥੀਆਂ ਦੇ ਪੋਸਟ ਮੈਟਰਿਕ ਸਕਾਲਰਸ਼ਿੱਪ ਦਾ ਸਾਰਾ ਬਕਾਇਆ ਦੁਆਉਣ ਲਈ ਉਚੇਚੇ ਹੰਭਲੇ ਮਾਰੇਗੀ ।

ਓ.ਬੀ.ਸੀ ਲਈ :

* ਸ਼੍ਰੋਮਣੀ ਅਕਾਲੀ ਦਲ ਓ.ਬੀ.ਸੀ ਵਰਗ ਲਈ ਉਹਨਾਂ ਦੀ ਬਣਦੀ ਘੱਟੋ-ਘੱਟ 27% ਅਨੁਪਾਤ ਅਨੁਸਾਰ ਪ੍ਰਤੀਨਿੱਧਤਾ ਦੇਣ ਦੀ ਮੰਗ ਦਾ ਸਮਰੱਥਨ ਕਰਦਾ ਹੈ ਤੇ ਇਸ ਲਈ ਯਤਨਸ਼ੀਲ ਰਹੇਗਾ ।

* ਇਹੀ ਅਸੂਲ ਉਹਨਾਂ ਨੂੰ ਪਾਰਲੀਮੈਂਟ, ਵਿਧਾਨ ਸਭਾਵਾਂ ਤੇ ਪ੍ਰੀਸ਼ਦਾਂ ਸਮੇਤ ਹੋਰ ਲੋਕ ਰਾਜੀ ਸੰਸਥਾਵਾਂ ਵਿਚ ਨੁਮਾਇੰਦਗੀ ਦੇ ਲਈ ਵੀ ਲਾਗੂ ਕਰਵਾਉਣ ਲਈ ਯਤਨ ਕੀਤੇ ਜਾਣਗੇ ।

* ਨੌਕਰੀਆਂ ਵਿੱਚ ਰਾਖਵੇਂਕਰਨ ਵੇਲੇ ਵੀ ਇਹਨਾਂ ਹੀ ਅਸੂਲਾਂ ਦੀ ਹਿਮਾਇਤ ਕੀਤੀ ਜਾਵੇਗੀ ।

* ਇਸ ਵਰਗ ਦੀਆਂ ਹੋਰ ਮੰਗਾਂ ਤੇ ਵਿਚਾਰ ਕਰਨ ਲਈ ਇਕ ਸਰਕਾਰੀ ਕਮੇਟੀ ਦਾ ਗਠਨ ਕਰਵਾਉਣ ਦਾ ਹੰਭਲਾ ਮਾਰਿਆ ਜਾਵੇਗਾ ।

MSP ਲਈ ਸੰਘਰਸ਼ ਸਮੇਂ
ਸਰਦਾਰ ਪਰਕਾਸ਼ ਸਿੰਘ ਬਾਦਲ

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਸ਼੍ਰੋਮਣੀ ਅਕਾਲੀ ਦਲ

ਸਦਾ ਖੜ੍ਹਾ ਹੈ ਕਿਸਾਨੀ ਨਾਲ

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਕਿਸਾਨਾਂ ਲਈ ਇਨਸਾਫ

ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਨੇ ਕਿਸਾਨੀ ਅਤੇ ਕਿਸਾਨਾਂ ਨੂੰ ਹਮੇਸ਼ਾ ਹੀ ਪਹਿਲੀ ਤਰਜੀਹ ਮੰਨ ਕੇ ਕੰਮ ਕੀਤਾ ਹੈ ਅਤੇ ਇਹ ਗੱਲ ਸਾਡੀਆਂ ਨੀਤੀਆਂ ਤੇ ਫੈਸਲਿਆਂ ਵਿਚ ਸਾਫ ਦਿਖਾਈ ਦਿੰਦੀ ਹੈ । ਗੱਲ ਸੂਬੇ ਅੰਦਰ ਪਿੰਡ-ਪਿੰਡ ਦਾਣਾ ਮੰਡੀਆਂ, ਲਿੰਕ-ਸੜਕਾਂ ਬਨਾਉਣ ਦੀ ਹੋਵੇ ਜਾਂ ਟਰੈਕਟਰ ਨੂੰ 'ਕਿਸਾਨ ਦਾ ਗੱਡਾ' ਕਹਿ ਕੇ ਕਰ ਮੁਕਤ ਕਰਨ ਜਾਂ ਕਿਸਾਨਾਂ ਲਈ ਬੰਬੀਆਂ ਦੇ ਬਿੱਲ ਮੁਆਫ ਕਰਨ ਦੀ, ਸੂਬੇ 'ਚ ਸਾਰੇ ਦੇ ਸਾਰੇ ਕਿਸਾਨ ਹਿਤੈਸ਼ੀ ਫੈਸਲੇ ਉਦੋਂ ਦੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀਆਂ ਅਕਾਲੀ ਸਰਕਾਰਾਂ ਨੇ ਹੀ ਲਏ ਹਨ । ਕਿਸਾਨ ਪੰਜਾਬ ਅਤੇ ਦੇਸ਼ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਹਨ ਤੇ ਇਹਨਾਂ ਨੂੰ ਨਜ਼ਰ ਅੰਦਾਜ਼ ਕਰਕੇ ਬਣਾਈ ਜਾਂਦੀ ਕੋਈ ਵੀ ਆਰਥਿਕ ਨੀਤੀ ਦੇਸ਼ ਲਈ ਤਬਾਹਕੁੰਨ ਹੀ ਸਿੱਧ ਹੋਵੇਗੀ ।

* ਸ਼੍ਰੋਮਣੀ ਅਕਾਲੀ ਦਲ ਨੂੰ ਫਖ਼ਰ ਹੈ ਕਿ ਉਹ ਕਿਸਾਨਾਂ ਨਾਲ ਖੜਣ ਵਾਸਤੇ ਵਜ਼ੀਰੀ ਅਤੇ ਸਿਆਸੀ ਗੱਠਜੋੜ ਨੂੰ ਠੋਕਰ ਮਾਰਨ ਵਾਲੀ ਇੱਕੋ ਇੱਕ ਪਾਰਟੀ ਹੈ । ਅਸੀਂ ਹਮੇਸ਼ਾ ਆਪਣੇ ਕਿਸਾਨ ਭਰਾਵਾਂ ਨਾਲ ਖੜੇ ਹੋਏ ਹਾਂ ਤੇ ਖੜੇ ਰਹਾਂਗੇ ।

* ਪਾਰਟੀ ਕਿਸਾਨਾਂ ਨਾਲ ਕੀਤੇ ਸਾਰੇ ਵਾਅਦਿਆਂ ਨੂੰ ਪੂਰਾ ਕਰਵਾਉਣ ਦੇ ਹੱਕ ਵਿੱਚ ਜ਼ੋਰ ਲਾਵੇਗੀ ।

* ਇਸ ਦੇ ਨਾਲ ਹੀ ਪਾਰਟੀ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਸਮੇਤ ਸਮੂਹ ਕਿਸਾਨਾਂ ਉਤੇ ਹੋਏ ਤਸ਼ੱਦਦ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾਵਾਂ ਦਵਾਉਣ ਲਈ ਵੀ ਵਚਨਬੱਧ ਹੈ । ਇਸ ਤਸ਼ੱਦਦ ਲਈ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੀ ਬਰਾਬਰ ਦੀ ਭਾਈਵਾਲ ਹੈ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਕਿਸਾਨਾਂ ਲਈ ਇਨਸਾਫ

* ਪਾਰਟੀ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਹਰ ਕਿਸਾਨ ਦੇ ਪਰਿਵਾਰ ਨੂੰ ਪੰਜਾਹ ਲੱਖ ਪ੍ਰਤੀ ਪਰਿਵਾਰ ਮੁਆਵਜ਼ਾ ਦੇਣ ਦੇ ਹੱਕ ਵਿਚ ਹੈ ।

* ਪਾਰਟੀ ਕਿਸਾਨੀ ਉਪਜ ਦੀ ਖਰੀਦ ਨੂੰ ਘੱਟੋ-ਘੱਟ ਸਮਰਥਨ ਮੁੱਲ ਉਤੇ ਯਕੀਨੀ ਲਈ ਕਾਨੂੰਨੀ ਗਰੰਟੀ ਦੇਣ ਦੇ ਹੱਕ ਵਿੱਚ ਹੈ ।

* ਪਾਰਟੀ ਕਿਸਾਨੀ ਕਰਜ਼ੇ ਦੀ ਯੱਕ ਮੁਸ਼ਤ ਮੁਆਫੀ ਦੇ ਹੱਕ ਵਿੱਚ ਹੈ । ਇਸ ਸਰਕਾਰ ਨੇ ਵੱਡੇ ਉਦਯੋਗਿਕ ਘਰਾਣਿਆਂ ਦੇ 16 ਲੱਖ ਕਰੋੜ ਦੇ ਕਰਜ਼ੇ ਮੁਆਫ ਕੀਤੇ ਹਨ ਜਦ ਕਿ ਪੰਜਾਬ ਦੇ ਕਿਸਾਨਾਂ ਦਾ ਕੁੱਲ ਕਰਜ਼ਾ ਕੇਵਲ ਡੇਢ ਲੱਖ ਕਰੋੜ ਦੇ ਕਰੀਬ ਹੈ । ਉਸ ਨੂੰ ਮੁਆਫ ਕਰਾਉਣ ਦੇ ਯਤਨ ਕੀਤੇ ਜਾਣਗੇ ।

* ਪਾਰਟੀ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਖੇਤੀ ਲਈ ਡੀਜ਼ਲ ਵਿੱਚ 20% ਸਬਸਿਡੀ ਦੇ ਹੱਕ ਵਿੱਚ ਹੈ।

* ਪਾਰਟੀ ਕਾਰਪੋਰੇਟਾਂ ਵੱਲੋਂ ਖੇਤੀ ਦੇ ਮੰਡੀਕਰਣ ਉਤੇ ਕਬਜ਼ਾ ਕਰਨ ਦੀ ਸਾਜ਼ਿਸ਼ ਕਾਮਯਾਬ ਨਹੀਂ ਹੋਣ ਦੇਵੇਗੀ ।

* ਪਾਰਟੀ ਕਿਸਾਨ ਮਜ਼ਦੂਰਾਂ ਨੂੰ ਮਨਰੇਗਾ ਸਕੀਮ ਹੇਠ ਲਿਆਉਣ ਲਈ ਯਤਨਸ਼ੀਲ ਰਹੇਗੀ ।

* ਕਿਸਾਨਾਂ ਤੇ ਕਿਸਾਨ ਮਜ਼ਦੂਰਾਂ ਨੂੰ ਸਕਿਲਡ ਲੇਬਰ ਦੀ ਕੈਟੇਗਰੀ ਵਿੱਚ ਲਿਆਉਣ ਵਿੱਚ ਪਾਰਟੀ ਯੋਗਦਾਨ ਪਾਏਗੀ ।

* ਸ਼੍ਰੋਮਣੀ ਅਕਾਲੀ ਦਲ ਇੱਕ ਸਟੈਂਡਿੰਗ ਕਮੇਟੀ ਦਾ ਗਠਨ ਕਰੇਗਾ ਜੋ ਕਿਸਾਨੀ ਨਾਲ ਸਬੰਧਿਤ ਸਮੱਸਿਆਵਾਂ ਉਤੇ ਵਿਚਾਰਾਂ ਕਰਕੇ ਸੁਝਾਅ ਦਿਆ ਕਰੇਗੀ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਵਪਾਰੀ

ਵਪਾਰ ਤੇ ਉਦਯੋਗ:

* ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਇਸ ਲਈ ਇਥੇ ਵੱਡੇ, ਮੱਧਮ ਤੇ ਛੋਟੇ ਦਰਜੇ ਦੀਆਂ ਖੇਤੀ ਮੁਖੀ ਵਿਸ਼ੇਸ਼ ਕਰਕੇ ਫੂਡ ਪਰੌਸੈਸਿੰਗ ਉਦਯੋਗਿਕ ਇਕਾਈਆਂ ਲਗਵਾਉਣ ਉਤੇ ਜ਼ੋਰ ਦਿੱਤਾ ਜਾਵੇਗਾ ।

* ਮਾਲਵੇ ਦੀ ਕਪਾਹ ਪੱਟੀ ਵਿਚ ਟੈਕਸਟਾਈਲ ਇੰਡਸਟਰੀ ਯੂਨਿਟ ਲਗਾਉਣ ਨੂੰ ਉਤਸ਼ਾਹ ਦਿੱਤਾ ਜਾਵੇਗਾ ਜਿਸ ਨਾਲ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਹੋਰ ਵਸੀਲੇ ਪੈਦਾ ਕੀਤੇ ਜਾ ਸਕਣ ।

* ਸੌਫਟਵੇਅਰ ਇੰਡਸਟਰੀ ਨਾਲ ਦੁਨੀਆਂ ਵਿਚ ਆਈ.ਟੀ ਇਨਕਲਾਬ ਆ ਚੁੱਕਿਆ ਹੈ, ਖਾਸ ਕਰਕੇ ਆਧੁਨਿਕ ਆਰਟੀਫਿਸ਼ਲ ਇੰਟੈਲੀਜੈਂਸ ਦੇ ਖੇਤਰ ਵਿੱਚ ਪੰਜਾਬ ਦੇ ਨੌਜਵਾਨਾਂ ਨੂੰ ਅੱਗੇ ਲਿਆਉਣ ਦੀ ਲੋੜ ਹੈ ।

* ਇਸ ਖੇਤਰ ਵਿਚ ਕੇਂਦਰ ਸਰਕਾਰ ਤੋਂ ਨਿਵੇਸ਼ ਪੈਕਜ ਲਿਆਉਣ ਲਈ ਹੰਭਲੇ ਮਾਰੇ ਜਾਣਗੇ ਤਾਂ ਕਿ ਸੂਬੇ ਵਿਚ ਆਰਟੀਫਿਸ਼ਲ ਇੰਟੈਲੀਜੈਂਸ ਸਮੇਤ ਆਈ.ਟੀ ਸਟਾਰਟ ਅੱਪਸ ਲਾਉਣ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਤਾਂ ਕਿ ਪੰਜਾਬੀ ਨੌਜਵਾਨ ਪੀੜ੍ਹੀ ਇਸ ਖੇਤਰ ਵਿੱਚ ਮੋਹਰੀ ਰੋਲ ਅਦਾ ਕਰ ਸਕੇ । ਇਸੇ ਤਰ੍ਹਾਂ ਸਾਈਬਰ ਸੁਰੱਖਿਆ ਖੇਤਰ ਦੇ ਵਿਕਾਸ ਲਈ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ।

* ਪੰਜਾਬ ਵਿਚ ਬਹੁਤੇ ਉਦਯੋਗ ਮੱਧਮ ਤੇ ਛੋਟੇ ਮਾਈਕਰੋ ਸਕੇਲ ਦੇ ਹਨ । ਸੈਕਸ਼ਨ 43-ਈ ਇਹਨਾਂ ਲਈ ਬਹੁਤ ਘਾਤਕ ਸਿੱਧ ਹੋ ਰਹੀ ਹੈ । ਇਸ ਧਾਰਾ ਨੂੰ ਖਤਮ ਕਰਵਾਉਣ ਲਈ ਹੰਭਲਾ ਮਾਰਿਆ ਜਾਵੇਗਾ ।

* ਟੂਰਿਜ਼ਮ ਉਦਯੋਗ ਨੂੰ ਵਧਾਇਆ ਜਾਵੇਗਾ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਵਪਾਰੀ

ਲੈਂਡ ਲੌਕਡ ਸੂਬੇ ਲਈ ਦੁਨੀਆਂ ਭਰ ਨਾਲ ਹਵਾਈ ਸੰਪਰਕ:

* ਪੰਜਾਬ ਲੈਂਡ ਲੌਕਡ (ਹਰ ਪਾਸਿਉਂ ਘਿਰਿਆ) ਸੂਬਾ ਹੈ ਜਿਸ ਕੋਲ ਨਾ ਕੋਈ ਸਮੁੰਦਰੀ ਬੰਦਰਗਾਹ ਹੈ ਤੇ ਨਾ ਕੋਈ ਹੋਰ ਸਾਧਨ ਜਿਸ ਨਾਲ ਬਾਕੀ ਦੁਨੀਆਂ ਨਾਲ ਵਪਾਰਕ ਤੇ ਹੋਰ ਸੰਪਰਕ ਕਾਇਮ ਰੱਖ ਕੇ ਆਰਥਿਕ ਤਰੱਕੀ ਕੀਤੀ ਜਾ ਸਕੇ ।
* ਇਸ ਲਈ ਸ਼੍ਰੋਮਣੀ ਅਕਾਲੀ ਦਲ ਸ਼੍ਰੀ ਅੰਮ੍ਰਿਤਸਰ ਸਾਹਿਬ ਤੋਂ ਇਲਾਵਾ ਮੁਹਾਲੀ ਤੋਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਲੰਡਨ, ਨਿਊਯਾਰਕ, ਟਰੋਂਟੋ, ਵੈਨਕੂਵਰ, ਸਿਡਨੀ, ਮੈਲਬਰਨ, ਟੋਕੀਓ ਤੇ ਮਿਡਲ ਈਸਟ ਸਮੇਤ ਦੁਨੀਆਂ ਦੇ ਵੱਡੇ ਵਪਾਰਕ ਸ਼ਹਿਰਾਂ ਨੂੰ ਅੰਤਰ-ਰਾਸ਼ਟਰੀ ਉਡਾਣਾਂ ਅਤੇ ਕਾਰਗੋ ਸਹੂਲਤ ਸ਼ੁਰੂ ਕਰਵਾਉਣ ਨੂੰ ਵੱਡੀ ਪਹਿਲ ਦੇਵੇਗਾ ।
* ਕਾਰਗੋ ਸਹੂਲਤ ਹੋਣ ਨਾਲ ਫਸਲਾਂ ਤੇ ਖੇਤੀ ਸਬੰਧਿਤ ਉਤਪਾਦਨ ਤੇ ਵਸਤਾਂ ਦੇ ਅੰਤਰ-ਰਾਸ਼ਟਰੀ ਵਪਾਰ ਖੁੱਲਣ ਨਾਲ ਕਿਸਾਨਾਂ ਸਮੇਤ ਇਸ ਸਾਰੇ ਖਿੱਤੇ ਵਿਚ ਵੱਖ-ਵੱਖ ਤਰ੍ਹਾਂ ਦੇ ਵਪਾਰਕ ਕਾਰਜਾਂ ਵਿੱਚ ਇਨਕਲਾਬੀ ਤਰੱਕੀ ਹੋਵੇਗੀ । ਵਿਸ਼ੇਸ਼ ਤੌਰ ਤੇ ਕਿਸਾਨਾਂ ਦੀ ਆਰਥਿਕਤਾ ਲਈ ਤਾਂ ਇਕ ਨਵਾਂ ਖੇਤੀ ਆਰਥਿਕਤਾ ਇਨਕਲਾਬ ਆ ਜਾਵੇਗਾ ।
* ਆਦਮਪੁਰ ਤੋਂ ਦੁਆਬੇ ਦੇ ਲੋਕਾਂ ਲਈ ਅੰਤਰ ਰਾਸ਼ਟਰੀ ਉਡਾਣਾਂ ਸ਼ੁਰੂ ਕਰਵਾਉਣ ਲਈ ਕੋਸ਼ਿਸ਼ ਕੀਤੀ ਜਾਵੇਗੀ ।



ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਔਰਤ ਵਰਗ ਲਈ

* ਪੰਜਾਬ ਵਿੱਚ ਇਸ ਵਕਤ ਔਰਤਾਂ ਅਸੁਰੱਖਿਅਤ ਮਾਹੌਲ ਵਿੱਚ ਰਹਿ ਰਹੀਆਂ ਹਨ ।

* ਪੂਰੇ ਦੇਸ਼ ਵਿੱਚ ਔਰਤਾਂ ਨਾਲ ਕਈ ਭਿਆਨਕ ਤੇ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਹੋਈਆਂ ਹਨ ।

* ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਏ ਮਾਰਗ ਉਤੇ ਚਲਦਿਆਂ ਸ਼੍ਰੋਮਣੀ ਅਕਾਲੀ ਦਲ ਔਰਤ ਵਰਗ ਦੇ ਸਨਮਾਨ ਅਤੇ ਸੁਰੱਖਿਆ ਲਈ ਵਚਨਬੱਧ ਹੈ ।

* ਇਸ ਸਬੰਧ ਵਿੱਚ ਪਾਰਟੀ ਮੌਜੂਦਾ ਕਾਨੂੰਨ ਪ੍ਰਣਾਲੀ ਨੂੰ ਅਸਰਦਾਇਕ ਅਤੇ ਜਵਾਬਦੇਹ ਬਨਾਉਣ ਉਤੇ ਜ਼ੋਰ ਦੇਵੇਗੀ ਅਤੇ ਜਿਥੇ ਲੋੜ ਪਈ, ਇਸ ਸਬੰਧੀ ਹੋਰ ਵੀ ਸਖ਼ਤ ਕਾਨੂੰਨ ਬਨਾਉਣ ਲਈ ਕੰਮ ਕਰੇਗੀ ।

* ਬੀਬੀਆਂ ਵਾਸਤੇ ਸਵੈ ਉਦਯੋਗ ਦੇ ਸਾਧਨਾਂ ਲਈ ਉਚੇਚੇ ਮਾਇਕ ਪ੍ਰਬੰਧ ਕਰਨ ਉਤੇ ਜ਼ੋਰ ਦਿੱਤਾ ਜਾਵੇਗਾ ।

* ਪਾਰਟੀ ਆਂਗਨਵਾੜੀ, ਮਿਡ-ਡੇ ਮੀਲ ਅਤੇ ਆਸ਼ਾ ਵਰਕਰਾਂ ਦੀ ਪੱਕੀ ਨੌਕਰੀ ਅਤੇ ਗਰੇਡ ਦੇਣ ਦੇ ਹੱਕ ਵਿਚ ਹੈ ।

WINNERS
KABADDI
GOVERNMENT OF PUN
DEPARTMENT OF SPO
PAY Winners (Men)
RUPEES Two Crore only

ਵਰਲਡ ਕਬੱਡੀ ਕੱਪ

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਨੌਜਵਾਨਾਂ ਲਈ ਐਲਾਨਨਾਮਾ

ਸ਼੍ਰੋਮਣੀ ਅਕਾਲੀ ਦਲ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਪੰਜਾਬ ਸਾਹਮਣੇ ਪੰਜਾਬੀ ਨੌਜਾਵਾਨਾਂ ਵਿੱਚ ਵਿਆਪਕ ਬੇਰੁਜ਼ਗਾਰੀ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ ਤੇ ਇਸ ਨਾਲ ਸਾਡੇ ਸਮਾਜ ਦੇ ਭਵਿੱਖ ਲਈ ਇੱਕ ਸੰਗੀਨ ਸੰਕਟ ਖੜ੍ਹਾ ਹੋ ਚੁੱਕਿਆ ਹੈ । ਅਕਾਲੀ ਸਰਕਾਰ ਦੇ ਅੰਤਿਮ ਦਿਨਾਂ ਵਿੱਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲੋਂ ਨੌਜਵਾਨਾਂ ਨੂੰ ਅਨੇਕਾਂ ਸਬਜ਼ਬਾਗ ਤੇ ਸੁਪਨੇ ਦਿਖਾਏ ਗਏ ਪਰ ਅਕਾਲੀ ਸਰਕਾਰ ਜਾਂਦਿਆਂ ਹੀ ਪੰਜਾਬ ਵਿਚ ਨਵੀਆਂ ਸਰਕਾਰੀ ਨੌਕਰੀਆਂ ਤੇ ਹੋਰ ਰੁਜ਼ਗਾਰ ਪੈਦਾ ਕਰਨ ਦੇ ਵਾਅਦਿਆਂ ਦੇ ਉਲਟ ਸਰਕਾਰੀ ਨੌਕਰੀਆਂ ਲਈ ਭਰਤੀ ਤੇ ਰੋਕ ਲਾ ਦਿੱਤੀ ਗਈ ਤੇ ਕਰਮਚਾਰੀਆਂ ਦੇ ਰਿਟਾਇਰ ਹੋਣ ਤੇ ਉਹ ਅਸਾਮੀਆਂ ਭਰਨੀਆਂ ਵੀ ਬੰਦ ਕਰ ਦਿੱਤੀਆਂ ਗਈਆਂ । ਨਤੀਜੇ ਵੱਜੋਂ ਪੰਜਾਬ ਵਿਚ ਗੰਭੀਰ ਰੁਜ਼ਗਾਰ ਸੰਕਟ ਪੈਦਾ ਹੋ ਗਿਆ ਹੈ ।

ਕਾਂਗਰਸ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਹ ਸਮੱਸਿਆ ਬੇਹੱਦ ਪੇਚੀਦਾ ਤੇ ਗਹਿਨ ਬਣਾ ਦਿੱਤੀ ਹੈ । ਇਸ ਦਾ ਸਥਾਈ ਤੇ ਦਰੁਸਤ ਹੱਲ ਲੱਭਣ ਲਈ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਨੌਜਵਾਨਾਂ ਅਤੇ ਸਿੱਖਿਅਕ, ਤਕਨੀਕੀ, ਰੁਜ਼ਗਾਰ ਤੇ ਆਰਥਿਕ ਮਾਹਿਰਾਂ ਨੂੰ ਨਾਲ ਲੈ ਕੇ ਨੀਤੀ ਤਿਆਰ ਕਰੇਗਾ ।

ਸ਼੍ਰੋਮਣੀ ਅਕਾਲੀ ਦਲ

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਨੌਜਵਾਨਾਂ ਲਈ ਐਲਾਨਨਾਮਾ

ਸ਼ੁਰੂਆਤੀ ਕਦਮ ਵੱਜੋਂ , ਪਾਰਟੀ ਹੇਠ ਲਿਖੇ ਕਦਮ ਚੁੱਕੇਗੀ:

* ਪੰਜਾਬ ਵਿਚ ਨੌਕਰੀਆਂ ਸਿਰਫ ਪੰਜਾਬੀਆਂ ਨੂੰ ਹੀ ਦਿੱਤੀਆਂ ਜਾਣਗੀਆਂ ਜਿਵੇਂ ਕਿ ਕੁਝ ਹੋਰ ਸੂਬਿਆਂ ਵਿਚ ਆਪਣੇ ਨੌਜਵਾਨਾਂ ਲਈ ਕੀਤਾ ਜਾ ਰਿਹਾ ਹੈ ।

* ਸਾਰੀਆਂ ਖਾਲੀ ਸਰਕਾਰੀ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ ।

* ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਵਿਆਜ ਮੁਕਤ ਕਰਜ਼ੇ ਦੇਣ ਲਈ ਯੋਜਨਾ 'ਤੇ ਜ਼ੋਰ ਦਿੱਤਾ ਜਾਵੇਗਾ।

* ਨੌਜਵਾਨਾਂ ਨੂੰ ਸੌ ਫੀਸਦੀ ਰੁਜ਼ਗਾਰ ਸਮਰੱਥ ਬਨਾਉਣ ਲਈ ਉਦਯੋਗ-ਮੁਖੀ ਪਰੋਫੈਸ਼ਨਲ ਸਿੱਖਿਆ ਤੇ ਰੁਜ਼ਗਾਰ ਮੁਖੀ ਬਿਜ਼ਨਸ ਸਕਿੱਲ ਡਿਵੈਲਪਮੈਂਟ ਟਰੇਨਿੰਗ ਸੰਸਥਾਵਾਂ ਖੋਹਲੀਆਂ ਜਾਣਗੀਆਂ ਤਾਂ ਕਿ ਉਹਨਾਂ ਨੂੰ ਨਿਕਲਦਿਆਂ ਹੀ ਯਕੀਨੀ ਰੁਜ਼ਗਾਰ ਦਾ ਪ੍ਰਬੰਧ ਹੋਵੇ ।

* ਸਵਰਗੀ ਸਰਦਾਰ ਪਰਕਾਸ਼ ਸਿੰਘ ਬਾਦਲ ਸਾਬ੍ਹ ਵੱਲੋਂ ਮੁਫਤ ਸਕਿੱਲ ਡਿਵੈਲਪਮੈਂਟ ਸੈਂਟਰ ਖੋਲੇ ਗਏ ਸਨ । ਇਸ ਸਕੀਮ ਨੂੰ ਕਾਂਗਰਸ ਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਨੇ ਸਿਰਫ ਇਸ ਕਰਕੇ ਬੰਦ ਕਰ ਦਿੱਤਾ ਤਾਂ ਕਿ ਇਹਨਾਂ ਨਾਲ ਬਾਦਲ ਸਾਬ੍ਹ ਤੇ ਅਕਾਲੀ ਸਰਕਾਰ ਦੀ ਤਾਰੀਫ ਕੀਤੀ ਜਾ ਰਹੀ ਸੀ ।

* ਵਪਾਰ ਤੇ ਉਦਯੋਗ ਚੈਂਬਰ ਦੇ ਸਹਿਯੋਗ ਨਾਲ ਸੂਬੇ ਵਿਚ "ਕੈਰੀਅਰ ਕਾਂਊਸਲਿੰਗ ਸੈਂਟਰਾਂ" ਦਾ ਨੈੱਟਵਰਕ ਸ਼ੁਰੂ ਕੀਤਾ ਜਾਵੇਗਾ ।

* ਪਿੰਡਾਂ ਕਸਬਿਆਂ ਤੇ ਸ਼ਹਿਰਾਂ ਵਿੱਚ ਲਾਇਬ੍ਰੇਰੀ ਸਕੀਮ ਅਧੀਨ ਮੁਫਤ ਕਿਤਾਬਾਂ ਮੁਹੱਈਆ ਕਰਵਾਈਆਂ ਜਾਣਗੀਆਂ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਕਾਮੇ

ਮਨਰੇਗਾ, ਆਂਗਨਵਾੜੀ, ਆਸ਼ਾ ਵਰਕਰਜ਼, ਮਿਡ-ਡੇ ਮੀਲ ਵਰਕਰਜ਼ ਲਈ

* ਸ਼੍ਰੋਮਣੀ ਅਕਾਲੀ ਦਲ ਮਨਰੇਗਾ, ਆਂਗਨਵਾੜੀ, ਆਸ਼ਾ ਵਰਕਰਜ਼, ਮਿਡ-ਡੇ ਮੀਲ ਵਰਕਰਜ਼ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਕੇ ਉਹਨਾਂ ਨੂੰ ਸਨਮਾਨਜਨਕ ਤਨਖਾਹਾਂ ਦੁਆਉਣ ਲਈ ਸੰਘਰਸ਼ ਕਰੇਗਾ । ਇਹਨਾਂ ਦੀ ਘੱਟੋ-ਘੱਟ ਉਜਰਤ ਨੂੰ ਵਧਾਉਣਾ ਲਾਜ਼ਮੀ ਹੈ ।
* ਇਹਨਾਂ ਸ਼੍ਰੇਣੀਆਂ ਲਈ ਇਕ ਵੱਖਰਾ ਡਾਇਰੈਕਟੋਰੇਟ ਬਨਵਾਉਣ ਲਈ ਹੰਭਲਾ ਮਾਰਿਆ ਜਾਵੇਗਾ ।

ਸ਼੍ਰੋਮਣੀ ਅਕਾਲੀ ਦਲ

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ



ਸਾਕਾ ਪੰਜਾ ਸਾਹਿਬ

ਐਲਾਨਨਾਮਾ 2024

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਤਿਫੈਂਸ ਪਰਸੋਨਲ ਤੇ ਐਕਸ ਸਰਵਿਸਮੈਨ ਲਈ

* ਇਕ ਮਾਰਸ਼ਲ ਕੌਮ ਦੀ ਨੁਮਾਇੰਦਾ ਜਥੇਬੰਦੀ ਵੱਜੋਂ ਸ਼੍ਰੋਮਣੀ ਅਕਾਲੀ ਦਲ ਦੇਸ਼ ਦੇ ਸਮੂਹ ਬਹਾਦਰ ਤੇ ਨਿਸ਼ਕਾਮ ਫੌਜੀ ਵੀਰਾਂ ਨੂੰ ਤਹਿ ਦਿਲੋਂ ਨਮਨ ਕਰਦਾ ਹੈ । ਪਾਰਟੀ ਦੇ ਲੋਕਰਾਜੀ ਸੰਘਰਸ਼ ਦੌਰਾਨ ਕਈ ਅਹਿਮ ਮੌਕਿਆਂ ਤੇ ਸਾਬਕਾ ਫੌਜੀ ਵੀਰਾਂ ਨੇ ਦੇਸ਼ ਅਤੇ ਸੂਬੇ ਅੰਦਰ ਇਨਸਾਫ ਅਧਾਰਿਤ ਸਿਆਸਤ ਕਾਇਮ ਕਰਨ ਹਿੱਤ ਅਹਿਮ ਤੇ ਅਭੁੱਲ ਯੋਗਦਾਨ ਪਾਇਆ ਹੈ ਜਿਸ ਲਈ ਪਾਰਟੀ ਉਹਨਾਂ ਦੀ ਰਿਣੀ ਹੈ ਤੇ ਹਮੇਸ਼ਾਂ ਹੀ ਰਹੇਗੀ ।

* ਪਾਰਟੀ ਇਕ ਰੈਂਕ ਇਕ ਪੈਨਸ਼ਨ ਦੀ ਮੰਗ ਦੀ ਹਿਮਾਇਤ ਕਰਦੀ ਹੈ ਤੇ ਉਸਨੂੰ ਲਾਗੂ ਕਰਵਾਉਣ ਲਈ ਹਰ ਹੀਲਾ ਕਰਨ ਲਈ ਵਚਨਬੱਧ ਹੈ ।

* ਪਾਰਟੀ ਸੇਵਾ ਮੁਕਤ ਫੌਜੀ ਵੀਰਾਂ ਨੂੰ ਦੇਸ਼ ਦੇ ਜਨਤਕ ਜੀਵਨ ਵਿੱਚ ਉਹਨਾਂ ਨੂੰ ਵੱਖ-ਵੱਖ ਪੱਧਰ ਤੇ ਬਣਦੀ ਨੁਮਾਇੰਦਾ ਸ਼ਮੂਲੀਅਤ ਦੇਣ ਅਤੇ ਉਹਨਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਦਾ ਦੇਸ਼ ਨੂੰ ਲਾਭ ਦੁਆਉਣ ਦੇ ਹੱਕ ਵਿੱਚ ਹੈ ਤੇ ਇਸ ਲਈ ਯਤਨ ਕਰੇਗੀ ।

* ਜਥੇਬੰਦਕ ਢਾਂਚੇ ਵਿੱਚ ਵੀ ਉਹਨਾਂ ਨੂੰ ਬਣਦੀ ਮੁਨਾਸਿਬ ਨੁਮਾਇੰਦਗੀ ਦਿੱਤੀ ਜਾਵੇਗੀ ।

* ਸ਼੍ਰੋਮਣੀ ਅਕਾਲੀ ਦਲ ਦੇਸ਼ ਵਿਚ ਅਗਨੀਵੀਰ ਸਕੀਮ ਨਾਮ ਦੀ ਅਜੀਬੋ-ਗਰੀਬ ਯੋਜਨਾ ਨੂੰ ਦੇਸ਼ ਲਈ ਨੁਕਸਾਨਦੇਹ ਤਸਲੀਮ ਕਰਦੀ ਹੈ ਤੇ ਇਸ ਨੂੰ ਬਦਲਕੇ ਫੌਜ ਵਿਚ ਪਹਿਲੋਂ ਦੀ ਤਰ੍ਹਾਂ ਰੈਗੂਲਰ ਭਰਤੀ ਵਾਲਾ ਪ੍ਰਬੰਧ ਬਹਾਲ ਕਰਵਾਉਣ ਲਈ ਕਦਮ ਚੁੱਕੇਗੀ ।

* ਪਾਰਟੀ ਫੌਜ ਦੇ ਤਿੰਨਾਂ ਅੰਗਾਂ ਵਿਚ ਪੰਜਾਬੀਆਂ ਦੀ ਨੁਮਾਇੰਦਗੀ ਵਧਾਉਣ ਲਈ ਉਚੇਚੇ ਯਤਨ ਕਰੇਗੀ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਕਰਮਚਾਰੀਆਂ ਲਈ

ਪੁਰਾਣੀ ਪੈਨਸ਼ਨ ਸਕੀਮ:

ਸ਼੍ਰੋਮਣੀ ਅਕਾਲੀ ਦਲ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ ਲਈ ਵਚਨਬੱਧਤਾ ਦੁਹਰਾਉਂਦੀ ਹੈ।

ਨਿੱਜੀ ਆਮਦਨੀ ਟੈਕਸ ਦੀ ਸੀਮਾ ਵਧਾਉਣਾ:

ਦੇਸ਼ ਵਿਚ ਤੇਜ਼ੀ ਨਾਲ ਵਧੀਆਂ ਤੇ ਵਧ ਰਹੀਆਂ ਕੀਮਤਾਂ (INFLATION) ਦੇ ਮੱਦੇ ਨਜ਼ਰ, ਸ਼੍ਰੋਮਣੀ ਅਕਾਲੀ ਦਲ ਦੇਸ਼ ਵਿਚ ਨਿੱਜੀ ਆਮਦਨੀ ਟੈਕਸ ਨੂੰ ਘੱਟੋ ਘੱਟ ਅੱਠ ਲੱਖ ਕਰਨ ਲਈ ਯਤਨ ਕਰੇਗਾ ।

ਪੇ-ਕਮਿਸ਼ਨ ਰਿਪੋਰਟ:

* ਪੰਜਾਬ ਵਿਚ ਅੱਜ ਤੱਕ ਸਾਰੀਆਂ ਹੀ ਪੇ-ਕਮਿਸ਼ਨ ਰਿਪੋਰਟਾਂ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਵੱਲੋਂ ਹੀ ਲਾਗੂ ਕੀਤੀਆਂ ਗਈਆਂ ਹਨ । ਪਾਰਟੀ ਹੁਣ 2016 ਤੋਂ ਲਟਕ ਰਹੀ ਪੇ ਕਮਿਸ਼ਨ ਰਿਪੋਰਟ ਨੂੰ ਪੂਰੀ ਤਰਾਂ ਲਾਗੂ ਕਰਵਾਉਣ ਲਈ ਸਿਰ ਤੋੜ ਯਤਨ ਕਰੇਗੀ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਐਨ.ਆਰ.ਆਈਜ਼ ਲਈ

ਐਨ.ਆਰ.ਆਈਜ਼ ਲਈ ਪਾਲਿਸੀ ਪੱਧਰ ਉਤੇ:

* ਐਨ.ਆਰ.ਆਈਜ਼ ਦੀਆਂ ਮੁਸ਼ਕਿਲਾਂ ਹੱਲ ਕਰਨ ਤੇ ਉਹਨਾਂ ਵੱਲੋਂ ਆਪਣੀ ਮਾਂ-ਭੂਮੀ ਨਾਲ ਹੋਰ ਸਕਾਰਾਤਮਕ ਆਦਾਨ-ਪ੍ਰਦਾਨ ਵਧਾਉਣ ਹਿੱਤ ਪਾਰਟੀ ਉਹਨਾਂ ਨਾਲ ਰਲ ਕੇ ਉਹਨਾਂ ਦੀ ਸ਼ਮੂਲੀਅਤ ਵਾਲਾ ਸਾਂਝੇ ਵਿਚਾਰ ਮੰਚ ਦਾ ਗਠਨ ਕਰਨ ਲਈ ਯਤਨਸ਼ੀਲ ਹੈ ।

* ਉਹਨਾਂ ਦੇ ਰਿਹਾਇਸ਼ੀ ਦੇਸ਼ਾਂ ਵਿੱਚ ਤੇ ਉਹਨਾਂ ਵੱਲੋਂ ਪੰਜਾਬ ਫੇਰੀ ਪਾਉਣ ਵਿੱਚ ਆਉਂਦੀਆਂ ਸਭ ਮੁਸ਼ਕਿਲਾਂ ਦੇ ਸਮਾਂ ਬੱਧ ਹੱਲ ਕੱਢਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ ਤੇ ਇਸ ਲਈ ਉਹਨਾਂ ਨਾਲ ਲਗਾਤਾਰ ਸੰਪਰਕ ਦਾ ਸਥਾਈ ਸਿਸਟਮ ਬਣਾਇਆ ਜਾਵੇਗਾ ।

* ਪ੍ਰਵਾਸੀ ਪੰਜਾਬੀਆਂ ਨੂੰ ਦਰਪੇਸ਼ ਕਾਨੂੰਨੀ ਸਮੱਸਿਆਵਾਂ ਜਾਂ ਉਹਨਾਂ ਦੇ ਸਿਟੀਜ਼ਨ ਸਟੇਟਸ ਸਬੰਧੀ ਉਹਨਾਂ ਦੀਆਂ ਮੰਗਾਂ ਉਤੇ ਸਾਰਥਿਕ ਅਤੇ ਯਥਾਰਥਵਾਦੀ ਹੱਲ ਕੱਢਣ ਦੇ ਯਤਨ ਕੀਤੇ ਜਾਣਗੇ ।

* ਪੰਜਾਬ ਵਿਚ ਐਨ.ਆਰ.ਆਈਜ਼ ਪਰਿਵਾਰਾਂ ਦੇ ਜ਼ਮੀਨ ਜਾਇਦਾਦ ਸਬੰਧੀ ਝਗੜਿਆਂ ਨੂੰ ਨਿਸ਼ਚਿਤ ਸਮੇਂ ਸੀਮਾ ਅੰਦਰ ਹੱਲ ਕਰਵਾਉਣ ਲਈ ਕੋਈ ਪ੍ਰਣਾਲੀ (MECHANISM) ਬਨਾਉਣ ਉਤੇ ਸੰਜੀਦਾ ਪਹਿਲਕਦਮੀ ਕੀਤੀ ਜਾਵੇਗੀ ।

ਸ਼੍ਰੋਮਣੀ ਅਕਾਲੀ ਦਲ

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਐਨ.ਆਰ.ਆਈਜ਼ ਲਈ

ਐਨ.ਆਰ.ਆਈਜ਼ ਲਈ ਫੈਸਲੇ ਲੈਣ ਦੇ ਪੱਧਰ ਉੱਤੇ:

* ਚੰਡੀਗੜ੍ਹ ਵਿਚ ਕੈਨੇਡਾ ਦੇ ਕੌਂਸੁਲੇਟ ਮੁੜ ਖੁਲਵਾਉਣ ਲਈ ਹੰਭਲਾ ਮਾਰੇਗਾ ।
* ਐਨ.ਆਰ.ਆਈਜ਼ (ਵਿਸ਼ੇਸ਼ ਤੌਰ ਤੇ ਓ.ਸੀ.ਆਈ ਵਾਲੇ ਵੀਰਾਂ ਭੈਣਾਂ ਵੱਲੋਂ) ਨਿਵੇਸ਼ ਕਰਨ ਦੀਆਂ ਨੀਤੀਆਂ ਦਾ ਉਦਾਰੀ-ਕਰਣ ਕੀਤਾ ਜਾਵੇਗਾ ।
* ਬਾਹਰਲੇ ਮੁਲਕਾਂ ਵਿੱਚ ਫਸੇ ਪੰਜਾਬੀਆਂ ਦੀ ਘਰ ਵਾਪਸੀ ਲਈ ਉਚੇਚੇ ਹੰਭਲੇ ਮਾਰੇ ਜਾਣਗੇ ।
* ਦੁਹਰੀ ਨਾਗਰਿਕਤਾ ਦੀ ਮੰਗ ਉਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ ।
* ਪੰਜਾਬ ਵਿੱਚ ਖੇਤੀ ਵਾਲੀ ਜ਼ਮੀਨ ਦੀ ਖਰੀਦ ਸਬੰਧੀ ਕੋਈ ਸਾਰਥਿਕ ਨੀਤੀ ਤੇ ਵਿਚਾਰ ਕੀਤਾ ਜਾਵੇਗਾ ।
* ਵਾਪਿਸ ਆ ਕੇ ਰਹਿ ਰਹੇ ਐਨ.ਆਰ.ਆਈਜ਼ ਦੀ ਸੋਕ ਰਾਜੀ ਸੰਸਥਾਵਾਂ ਵਿੱਚ ਨੁਮਾਇੰਦਗੀ ਲਈ ਰਾਖਵੇਂਕਰਨ ਉਤੇ ਵਿਚਾਰ ਕੀਤਾ ਜਾਵੇਗਾ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਲੀਗਲ ਭਾਈਚਾਰੇ ਲਈ

* ਲੀਗਲ ਭਾਈਚਾਰੇ ਦੇ ਸ਼੍ਰੋਮਣੀ ਅਕਾਲੀ ਦਲ ਨੂੰ ਯੋਗਦਾਨ ਤੇ ਦੇਸ਼ ਵਿਚ ਘੱਟ-ਗਿਣਤੀਆਂ ਦੇ ਹਿੱਤਾਂ ਤੇ ਲੋਕ-ਰਾਜੀ ਕਦਰਾਂ ਕੀਮਤਾਂ, ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਨਿਭਾਏ ਰੋਲ ਦੇ ਮੱਦੇਨਜ਼ਰ, ਪਾਰਟੀ ਇਸ ਵਰਗ ਦਾ ਵਿਸ਼ੇਸ਼ ਸਤਿਕਾਰ ਕਰਦੀ ਹੈ ।
* ਇਸੇ ਦੇ ਮੱਦੇਨਜ਼ਰ, ਪਾਰਟੀ ਨਵੇਂ ਇਨਰੋਲ ਹੋਏ ਵਕੀਲਾਂ ਲਈ ਵਿਸ਼ੇਸ਼ ਭੱਤੇ (STIPEND) ਦੁਆਉਣ ਦੇ ਯਤਨ ਕਰੇਗੀ ਜੋ ਕਿ ਉਹਨਾਂ ਵੱਲੋਂ ਇਨਰੋਲ ਦੀ ਤਰੀਕ ਤੋਂ ਪਹਿਲੇ ਪੰਜ ਸਾਲਾਂ ਲਈ ਹੋਵੇਗਾ ।
* ਉਹਨਾਂ ਲਈ ਨਵੇਂ ਚੈਂਬਰ ਲੈ ਕੇ ਦੇਣ ਦੇ ਯਤਨ ਕੀਤੇ ਜਾਣਗੇ ।
* 40 ਸਾਲ ਤੋਂ ਵੱਧ ਉਮਰ ਵਾਲੇ ਵਕੀਲਾਂ ਲਈ ਸਬਸਿਡੀ ਦੇ ਅਧਾਰ ਤੇ ਸਿਹਤ ਬੀਮੇ ਲਈ ਯਤਨ ਕੀਤੇ ਜਾਣਗੇ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਵਚਨਬੱਧਤਾ



ਪਾਰਲੀਮੈਂਟੇਰੀਅਨ ਮੈਨੀਫੈਸਟੋ ਨਿਗਰਾਨ ਚੈਂਬਰ

ਮੈਨੀਫੋਸਟੋ ਦੀ ਇੱਕ-ਇੱਕ ਧਾਰਾ ਨੂੰ ਲਾਗੂ ਕਰਵਾਉਣ ਦੇ ਅਮਲ ਤੇ ਨਿਗਰਾਨੀ ਰੱਖਣ ਲਈ ਸ਼੍ਰੋਮਣੀ ਅਕਾਲੀ ਆਪਣੇ ਸੀਨੀਅਰ ਮੈਂਬਰਾਂ ਤੇ ਆਗੂਆਂ 'ਤੇ ਅਧਾਰਿਤ ਇੱਕ ਨਿਗਰਾਨ ਚੈਂਬਰ ਬਣਾਏਗਾ ।

* ਇਸੇ ਤਰ੍ਹਾਂ ਪਾਰਟੀ ਦੇ ਸਮੂਹ ਪਾਰਲੀਮੈਂਟ ਮੈਂਬਰਾਂ 'ਤੇ ਅਧਾਰਤ ਇਕ ਚੈਂਬਰ ਦਾ ਗਠਨ ਕੀਤਾ ਜਾਵੇਗਾ ਜੋ ਕਿ ਪੰਜਾਬ ਲਈ ਕੇਂਦਰ ਤੋਂ ਵੱਧ ਤੋਂ ਵੱਧ ਵਿਕਾਸ ਫੰਡ ਲਿਆਉਣ ਤੇ ਉਸ ਫੰਡ ਨੂੰ ਨਿਰਧਾਰਤ ਸਮੇਂ ਸੀਮਾ ਅੰਦਰ ਵਿਕਾਸ ਕਾਰਜਾਂ ਉਤੇ ਲਾਉਣ ਦੀ ਨਿਗਰਾਨੀ ਵੀ ਕਰੇਗਾ ਤੇ ਇਸ ਸਬੰਧੀ ਜਾਣਕਾਰੀ ਵੀ ਸਾਂਝੀ ਕਰਦਾ ਰਹੇਗਾ ।

* ਇਹ ਚੈਂਬਰ ਸ਼੍ਰੋਮਣੀ ਅਕਾਲੀ ਦਲ ਸਮੇਤ ਸਮੂਹ ਪਾਰਟੀਆਂ ਦੇ ਮੈਂਬਰਾਂ ਵੱਲੋਂ ਕੇਂਦਰ ਤੋਂ ਲਿਆਂਦੇ ਗਏ ਵਿਕਾਸ ਫੰਡਾਂ ਅਤੇ ਉਹਨਾਂ ਫੰਡਾਂ ਦੇ ਇਸਤੇਮਾਲ 'ਤੇ ਰਿਪੋਰਟ ਵੀ ਸਾਂਝੀ ਕਰੇਗਾ ।

* ਇਹ ਚੈਂਬਰ ਪੰਜਾਬ ਲਈ ਵਿਕਾਸ ਸਕੀਮਾਂ ਬਣਾ ਕੇ ਕੇਂਦਰ ਦੇ ਅਲੱਗ-ਅਲੱਗ ਮਹਿਕਮਿਆਂ ਤੇ ਮੰਤਰਾਲਿਆਂ ਤੋਂ ਪੰਜਾਬ ਦਾ ਬਣਦਾ ਮਾਇਕ ਹਿੱਸਾ ਲੈਣਾ ਯਕੀਨੀ ਬਣਾਏਗਾ, ਤੇ ਇਸ ਕੰਮ ਲਈ ਹੋਰਨਾਂ ਪਾਰਟੀਆਂ ਦੇ ਮਾਨਯੋਗ ਮੈਂਬਰਾਂ ਤੋਂ ਵੀ ਸਹਿਯੋਗ ਦੀ ਅਪੀਲ ਕਰੇਗਾ ।

* ਇਸ ਤੋਂ ਇਲਾਵਾ ਐਮ.ਪੀ ਲੋਕਲ ਏਰੀਆ ਵਿਕਾਸ ਫੰਡਾਂ ਨੂੰ ਵੀ ਇਕੱਠੇ ਕਰਕੇ ਇੱਕ ਵਿਕਾਸ ਯੋਜਨਾ ਅਨੁਸਾਰ ਖਰਚਣ ਦੀ ਰੂਪ ਰੇਖਾ ਤਿਆਰ ਕਰੇਗਾ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਵਚਨਬੱਧਤਾ



* ਇਸ ਦੇ ਨਾਲ ਨਾਲ ਹਰ ਪਾਰਟੀ ਦੇ ਹਰ ਮੈਂਬਰ ਦੀ ਬਤੌਰ ਐਮ.ਪੀ ਕਾਰਗੁਜ਼ਾਰੀ ਤੇ ਰਿਪੋਰਟ ਵੀ ਸਾਂਝੀ ਕਰਿਆ ਕਰੇਗਾ ।

* ਇਸ ਤਰ੍ਹਾਂ ਇਹ ਚੈਂਬਰ ਸਮੂਹ ਮੈਂਬਰ ਸਾਹਿਬਾਨਾਂ ਦੀ ਕਾਰਗੁਜ਼ਾਰੀ ਦੀ ਸਲਾਨਾ ਰਿਪੋਰਟ ਤਿਆਰ ਕਰਿਆ ਕਰੇਗਾ ਜਿਸ ਵਿੱਚ ਹਰ ਮੈਂਬਰ ਵੱਲੋਂ ਸੂਬੇ ਲਈ ਕੇਂਦਰ ਸਰਕਾਰ ਤੋਂ ਕਰਵਾਏ ਗਏ ਕੰਮਾਂ, ਪਾਰਲੀਮੈਂਟ ਵਿੱਚ ਪੁੱਛੇ ਗਏ ਸਵਾਲਾਂ ਤੇ ਉਠਾਏ ਗਏ ਮੁੱਦਿਆਂ ਬਾਰੇ ਜਾਣਕਾਰੀ ਸਾਂਝੀ ਕਰਿਆ ਕਰੇਗਾ।

ਲੋਕ ਸਭਾ-ਪੰਜਾਬ ਸੰਪਰਕ ਕੁਨੈਕਟ :

ਪਾਰਟੀ ਇੱਕ ਵਿਸ਼ੇਸ਼ ਵੱਟਸਐਪ ਪੋਰਟਲ ਸ਼ੁਰੂ ਕਰੇਗੀ ਜਿਸ ਰਾਹੀਂ ਪੰਜਾਬੀ ਪਾਰਟੀ ਨੂੰ ਤੇ ਸਾਡੇ ਮੈਂਬਰ ਸਾਹਿਬਾਨਾਂ ਨੂੰ ਸਵਾਲ ਪੁੱਛ ਸਕਿਆ ਕਰਨਗੇ, ਅਤੇ ਸੁਝਾਅ ਜਾਂ ਸ਼ਿਕਾਇਤ ਵੀ ਕਰ ਸਕਿਆ ਕਰਨਗੇ । ਪਾਰਟੀ ਪੋਰਟਲ ਤੇ ਪ੍ਰਾਪਤ ਹੋਏ ਹਰ ਸਵਾਲ ਜਾਂ ਸੁਝਾਅ ਭੇਜਣ ਵਾਲੇ ਨਾਲ ਇਸ ਬਾਰੇ ਇੱਕ ਤਹਿ ਸਮਾਂ ਸੀਮਾ ਅੰਦਰ ਸੰਪਰਕ ਕਾਇਮ ਕੀਤਾ ਜਾਇਆ ਕਰੇਗਾ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਲੋਕਤੰਤਰ ਦਾ ਚੋਥਾ ਥੰਮ

ਮੀਡੀਆ ਨੂੰ ਕਾਰਪੋਰੇਟ ਗੁਲਾਮੀ ਤੋਂ ਆਜ਼ਾਦੀ ਲਈ

ਪਿਛਲੇ ਕੁਝ ਸਾਲਾਂ ਤੋਂ ਲੋਕ ਰਾਜ ਦੇ ਚੌਥੇ ਥੰਮ੍ਹ ਵੱਜੋਂ ਜਾਣੇ ਜਾਂਦੇ ਮੀਡੀਆ ਦੇ ਕਾਰਪੋਰੇਟ ਹੱਥੋਂ ਉਧਾਲ ਕੇ ਗੁਲਾਮ ਬਣਾ ਲਏ ਜਾਣ ਬਾਰੇ ਦੇਸ਼ ਵਿਆਪੀ ਵਿਸ਼ਵਾਸਯੋਗ ਪ੍ਰਭਾਵ ਤੇ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ ਜੋ ਕਿ ਮੀਡੀਆ, ਦੇਸ਼ ਅਤੇ ਲੋਕ ਰਾਜ ਦੇ ਭਵਿੱਖ ਲਈ ਘਾਤਕ ਹੈ । ਸ਼੍ਰੋਮਣੀ ਅਕਾਲੀ ਦਲ ਹਮੇਸ਼ਾਂ ਹੀ ਵਿਚਾਰਾਂ ਦੇ ਇਜ਼ਹਾਰ ਦੀ ਆਜ਼ਾਦੀ ਦਾ ਅਲੰਬਰਦਾਰ ਰਿਹਾ ਹੈ । ਇਸ ਲਈ ਪਾਰਟੀ ਦੇਸ਼ ਵਿੱਚ ਮੀਡੀਆ ਦੀ ਇਸ ਦੁਰਗਤੀ ਨੂੰ ਖਤਮ ਕਰਨ ਤੇ ਵਿਚਾਰਾਂ ਦੀ ਤੇ ਇਜ਼ਹਾਰ ਦੀ ਆਜ਼ਾਦੀ ਦੀ ਬਹਾਲੀ ਲਈ ਉਚੇਚੇ ਯਤਨ ਕਰੇਗੀ । ਦੇਸ਼ ਨੂੰ ਤਾਨਾਸ਼ਾਹੀ ਤੋਂ ਬਚਾਉਣ ਅਤੇ ਲੋਕਰਾਜੀ ਢਾਂਚੇ ਨੂੰ ਬਰਕਰਾਰ ਰੱਖਣ ਲਈ ਮੀਡੀਆ ਨੂੰ ਬਚਾਉਣਾ ਬੇਹੱਦ ਲਾਜ਼ਮੀ ਹੋ ਗਿਆ ਹੈ ।

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਅੰਤਿਕਾ

ਅੰਤਿਕਾ

ਪੰਜਾਬ ਦੇ ਵਾਰਿਸ ਸਿਰਫ ਪੰਜਾਬ ਦੇ ਜਾਏ ਹਨ । ਪੰਜਾਬ ਦੀ ਹੋਣੀ ਨੂੰ ਗੈਰਾਂ ਦੇ ਹੱਥ ਗਿਰਵੀ ਨਹੀਂ ਰੱਖਿਆ ਜਾ ਸਕਦਾ । ਸ਼੍ਰੋਮਣੀ ਅਕਾਲੀ ਦਲ ਪੰਥ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਆਦਰਸ਼ਾਂ ਅਤੇ ਹਿੱਤਾਂ ਨੂੰ ਸਮਰਪਿਤ ਵਾਹਿਦ ਨੁਮਾਇੰਦਾ ਜਥੇਬੰਦੀ ਹੈ । ਪਾਰਟੀ ਲਈ ਪੰਥਕ ਅਸੂਲ ਤੇ ਆਦਰਸ਼ ਅਤੇ ਪੰਜਾਬ ਦੇ ਹਿੱਤ ਸਭ ਤੋਂ ਉੱਪਰ ਹਨ । ਇਹਨਾਂ ਆਦਰਸ਼ਾਂ, ਅਸੂਲਾਂ ਅਤੇ ਹਿੱਤਾਂ ਉਤੇ ਕੋਈ ਸਮਝੌਤਾ ਨਾ ਕਦੇ ਮਨਜ਼ੂਰ ਸੀ, ਨਾ ਹੈ ਤੇ ਨਾ ਹੋਵੇਗਾ, ਭਾਵੇਂ ਇਸ ਰਾਹ ਉਤੇ ਕਿੰਨੇ ਵੀ ਗਠਜੋੜ ਜਾਂ ਵਜ਼ੀਰੀਆਂ ਕੁਰਬਾਨ ਕਰਨੀਆਂ ਪੈ ਜਾਣ ।

ਪੰਜਾਬ ਵਿੱਚ ਬਾਕੀ ਸਭ ਪਾਰਟੀਆਂ ਬਾਹਰੋਂ ਆਏ ਘੁਸਪੈਠੀਆਂ ਤੇ ਉਹਨਾਂ ਦੇ ਅਜਿਹੇ ਹੱਥ ਠੋਕਿਆਂ ਦੇ ਗ੍ਰੋਹ ਹਨ ਜੋ ਕਿ ਦਿੱਲੀ ਬੈਠੇ ਅਕਾਵਾਂ ਦੀਆਂ ਤਾਰਾਂ ਉਤੇ ਕੱਠਪੁਤਲੀਆਂ ਵਾਂਗ ਨੱਚਦੇ ਹਨ । ਇਹ ਉਹ ਹੀ ਦਿੱਲੀ ਹੈ ਜਿਸ ਨੇ ਸੰਕਟ ਵਿੱਚ ਘਿਰੇ ਤੇ ਤ੍ਰਾਹ-ਤ੍ਰਾਹ ਕਰ ਰਹੇ ਤੇ ਆਪਣੀਆਂ ਮੰਗਾਂ ਮਨਵਾਉਣ ਲਈ ਪੁਰ ਅਮਨ ਤਰੀਕੇ ਨਾਲ ਦਿੱਲੀ ਜਾ ਰਹੇ ਕਿਸਾਨਾਂ ਉਤੇ ਤਸ਼ੱਦਦ ਦਾ ਕਹਿਰ ਢਾਇਆ । ਲਗਭਗ 700 ਕਿਸਾਨ ਵੀਰ ਇਸ ਸ਼ਾਂਤਮਈ ਸੰਘਰਸ਼ ਵਿੱਚ ਸ਼ਹੀਦ ਕਰ ਦਿੱਤੇ ਗਏ । ਨਿਹੱਥੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਨੂੰ ਹਰਿਆਣਾ ਪੁਲਿਸ ਵੱਲੋਂ ਪੰਜਾਬ ਵਿੱਚੋਂ ਉਧਾਲ ਕੇ ਲੈ ਜਾ ਕੇ ਸ਼ਹੀਦ ਕੀਤਾ ਗਿਆ । ਪਰ ਪੰਜਾਬ ਵਿਚ ਦਿੱਲੀ ਦੇ ਸੂਬੇਦਾਰਾਂ ਦੀ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ, ਬਲਕਿ ਉਸ ਨੇ ਇਹਨਾਂ ਕਾਤਲਾਂ ਨੂੰ ਬਚਾਉਣ ਲਈ ਕਾਨੂੰਨੀ ਅੜਚਣਾਂ ਪੈਦਾ ਕਰ ਦਿੱਤੀਆਂ ਇਹਨਾਂ ਦੇ ਦਿੱਲੀ ਬੈਠੇ ਆਕਾ ਪੰਜਾਬੀਆਂ ਦੀ ਆਜ਼ਾਦਾਨਾ ਰੂਹ ਨੂੰ ਕੁਚਲਣ ਜਾਂ ਕੈਦ ਕਰਨ ਦੀਆਂ ਸਾਜ਼ਿਸ਼ਾਂ ਵਿਚ ਲੀਨ ਹਨ । ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਆਜ਼ਾਦਾਨਾ ਰੂਹਾਨੀ ਹਸਤੀ ਨੂੰ ਇਹਨਾਂ ਧਾੜਵੀਆਂ ਦੀਆਂ ਸਾਜ਼ਿਸ਼ਾਂ ਤੇ ਹਮਲਿਆਂ ਤੋਂ ਬਚਾਉਣ ਲਈ ਡਟ ਕੇ ਲੜਾਈ ਲੜੇਗਾ ਤੇ ਇਸ ਮਾਰਗ 'ਤੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਤੋਂ ਪਿਛਾਂਹ ਨਹੀਂ ਹਟੇਗਾ ।

ਸ਼੍ਰੋਮਣੀ ਅਕਾਲੀ ਦਲ

ਅਪੀਲ

ਮੌਕਾ ਪ੍ਰਸਤ ਪੰਜਾਬ ਦੁਸ਼ਮਣ ਤਾਕਤਾਂ ਵੱਲੋਂ ਸੂਬੇ ਵਿੱਚ ਕਤਲੋਗਾਰਤ, ਭਰਾ ਮਾਰੂ ਜੰਗ ਅਤੇ ਸਰਕਾਰੀ ਦਮਨ ਦਾ ਦੌਰ ਮੁੜ ਸ਼ੁਰੂ ਕਰਨ ਦੀ ਗਹਿਰੀ ਸਾਜਿਸ਼ ਰਚੀ ਗਈ ਹੈ, ਜਿਸ ਦੇ ਸਪੱਸ਼ਟ ਸਬੂਤ ਹਰ ਸੂਝਵਾਨ ਪੰਜਾਬੀ ਕੰਧ ਉਤੇ ਲਿਖੇ ਪੜ੍ਹ ਸਕਦਾ ਹੈ ।

ਇਸ ਭਿਆਨਕ ਸਾਜਿਸ਼ ਦਾ ਪਰਦਾਫਾਸ਼ ਕਰਕੇ ਪੰਜਾਬ ਅਤੇ ਖਾਸ ਕਰਕੇ ਨੌਜਵਾਨੀ ਨੂੰ ਬਚਾਉਣ ਲਈ ਸ਼੍ਰੋਮਣੀ ਅਕਾਲੀ ਦਲ ਪੰਥ ਪ੍ਰਸਤ, ਪੰਜਾਬ ਪ੍ਰਸਤ, ਸਿਆਸੀ, ਸਮਾਜਿਕ, ਸੱਭਿਆਚਾਰਕ, ਬੁੱਧੀਜੀਵੀ ਤੇ ਧਾਰਮਿਕ ਜਥੇਬੰਦੀਆਂ ਸਮੇਤ ਸਮੂਹ ਪੰਜਾਬੀਆਂ ਨੂੰ ਸੱਦਾ ਦਿੰਦਾ ਹੈ ਤੇ ਬੇਨਤੀ ਵੀ ਕਰਦਾ ਹੈ ਕਿ ਉਹ 1 ਜੂਨ ਨੂੰ ਹੋ ਰਹੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਡਟ ਕੇ ਸਾਥ ਦੇਣ ਅਤੇ ਤੱਕੜੀ ਦਾ ਬਟਨ ਦਬਾ ਕੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਕਾਮਯਾਬ ਕਰਨ ਤਾਂ ਜੋ ਪੰਜਾਬ ਨੂੰ ਮੁੜ ਤਰੱਕੀ ਦੀਆਂ ਰਾਹਾਂ ਵੱਲ ਤੋਰਿਆ ਜਾ ਸਕੇ ।

ਧੰਨਵਾਦ

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ

ਦਿੱਲੀ ਵਾਲੇ ਭਜਾਓ \ ਪੰਜਾਬ ਬਚਾਓ

ਅਪੀਲ

ਸੁਣੋ ਪੰਜਾਬ ਦੀ ਆਵਾਜ਼ | ਚੁਣੋ ਸ਼੍ਰੋਮਣੀ ਅਕਾਲੀ ਦਲ

ਐਲਾਨਨਾਮਾ 2024

\Shiromaniakalidal